Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 311 02/05/2026 www.samajweekly.com samajweekly @samajweekly samajweekly

# ਪੰਜਾਬ ਵਿਧਾਨਸਭਾ ਵਿੱਚ ਘੱਟੋ ਘੱਟ ਉਜ਼ਰਤਾਂ ਵਿੱਚ 15 ਫੀਸਦੀ ਵਾਧੇ ਦਾ ਪ੍ਰਸਤਾਵ ਸਰਬਸੰਮਤੀ ਨਾਲ ਪਾਸ

**ਚੰਡੀਗੜ੍ਹ,** । ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸੂਬੇ ਦੇ ਲੱਖਾਂ ਕਿਰਤੀਆਂ ਲਈ ਇੱਕ ਸਰਕਾਰੀ ਮਤੇ ਤੇ ਲੰਬੀ ਅਤੇ ਗੰਭੀਰ ਬਹਿਸ ਤੋਂ ਬਾਅਦ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ 15 ਫੀਸਦੀ ਵਾਧੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਸਬੰਧੀ ਮਤਾ ਲੇਬਰ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਤੇ ਮੋਹਰ ਲਗਾਉਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਵਾਧੇ ਦਾ ਰਸਮੀ ਐਲਾਨ ਕੀਤਾ। ਇਸ ਤੋਂ ਪਹਿਲਾ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ਼ੁਰੂ ਹੁੰਦੇ ਹੀ ਵਿਛੜੀ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਆਜ਼ਾਦੀ ਘੁਲਾਟੀਆ ਚਮਨ ਲਾਲ, ਵਿਸ਼ਵ ਪ੍ਰਸਿੱਧ ਫੋਟੋਗ੍ਰਾਫਰ ਰਘੂ ਰਾਏ, ਲੈਫਟੀਨੈਂਟ ਜਨਰਲ ਦੀਪੇਂਦਰ ਸਿੰਘ ਅਤੇ ਹਾਕੀ ਖਿਡਾਰੀ ਤੇ ਓਲੰਪੀਅਨ ਗੁਰਬਖਸ਼ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਵਿਧਾਨ ਸਭਾ ਵਿੱਚੋਂ ਸਾਰੇ ਵਿਧਾਇਕਾਂ ਵੱਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਰੱਖਿਆ ਗਿਆ। ਵਿਛੜੀ ਰੂਹਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਸੈਸ਼ਨ ਦੀ ਕਾਰਵਾਈ 11.30 ਵਜੇ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦਾ ਆਗਾਜ਼ ਅੱਜ ਸੱਤਾ ਪੱਖ ਅਤੇ ਵਿਰੋਧੀ ਧਿਰ ਦਰਮਿਆਨ ਹੋਈ ਸ਼ਬਦੀ ਜੰਗ ਨਾਲ ਹੋਇਆ। ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਬਹਿਸ ਦੇਖਣ ਨੂੰ ਮਿਲੀ, ਜਿਸ ਨੇ ਸਦਨ ਦਾ ਸਿਆਸੀ ਪਾਰਾ ਗਰਮਾ ਦਿੱਤਾ। ਪ੍ਰਤਾਪ ਸਿੰਘ ਬਾਜਵਾ ਨੇ ਇਕ ਦਿਨ ਦੇ ਵਿਸ਼ੇਸ਼ ਇਜਲਾਸ ਤੇ ਸਵਾਲ ਚੁੱਕਦਿਆਂ ਮੰਗ ਕੀਤੀ ਕਿ ਸਰਕਾਰ ਨੂੰ ਸਿਰਫ਼ ਇਕ ਦਿਨ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਬਜਾਏ 'ਰੈਗੂਲਰ ਇਜਲਾਸ' ਬੁਲਾਉਣਾ ਚਾਹੀਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਇਕ ਦਿਨ ਦੇ ਇਜਲਾਸਾਂ ਦਾ ਅੱਜ ਤੱਕ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ ਅਤੇ ਇਹ ਸਿਰਫ਼ ਖਾਨਾਪੂਰਤੀ ਬਣ ਕੇ ਰਹਿ ਜਾਂਦੇ ਹਨ। ਬਾਜਵਾ ਨੇ ਕਿਹਾ ਕਿ ਸੂਬੇ ਦੇ ਗੰਭੀਰ ਮੁੱਦਿਆਂ ਤੇ ਚਰਚਾ ਲਈ ਲੰਬੇ ਸਮੇਂ ਦੇ ਸੈਸ਼ਨ ਦੀ ਲੋੜ ਹੈ। ਇਸ ਦੌਰਾਨ ਮੁੱਖ ਮੰਤਰੀ ਦੇ ਜਾਣ



ਮੌਕੇ ਹੋਏ ਹੰਗਾਮੇ ਅਤੇ ਸੁਖਪਾਲ ਖਹਿਰਾ ਦੀ ਟਿੱਪਣੀ ਤੋਂ ਬਾਅਦ ਪ੍ਰਤਾਪ ਸਿੰਘ ਬਾਜਵਾ ਨੇ ਸਪੀਕਰ ਨੂੰ ਅਪੀਲ ਕੀਤੀ ਕਿ ਸਦਨ ਦੇ ਸਾਰੇ ਵਿਧਾਇਕਾਂ ਦਾ ਐਲਕੋਮੀਟਰ ਨਾਲ ਟੈਸਟ ਕਰਵਾਇਆ ਜਾਵੇ। ਸੁਖਪਾਲ ਖਹਿਰਾ ਦਾ ਇਲਜਾਮ ਸੀ ਕਿ ਮੁੱਖ ਮੰਤਰੀ ਮਾਨ ਸ਼ਰਾਬੀ ਹਾਲਤ ਵਿੱਚ ਵਿਧਾਨਸਭਾ ਵਿੱਚ ਪਹੁੰਚੇ ਹਨ ਅਤੇ ਵਿਧਾਨਸਭਾ ਦੀ ਪਵਿੱਤਰਤਾ ਨੂੰ ਢਾਹ ਲਗਾਈ ਹੈ। ਪ੍ਰਤਾਪ ਸਿੰਘ ਬਾਜਵਾ ਨੇ ਇੱਕ ਲਿਖਤੀ ਪੱਤਰ ਰਾਹੀਂ ਸਪੀਕਰ ਨੂੰ ਅਪੀਲ ਕੀਤੀ ਕਿ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਦੀ ਪੀ. ਜੀ. ਆਈ. ਦੀ ਟੀਮ ਰਾਹੀਂ ਜਾਂਚ ਕਰਵਾਈ ਜਾਵੇ। ਬਾਜਵਾ ਨੇ ਦੋਸ਼ ਲਾਇਆ ਕਿ ਸਦਨ ਦੇ ਅੰਦਰ ਕੁਝ ਮੈਂਬਰਾਂ ਦਾ ਵਿਹਾਰ ਸ਼ੱਕੀ ਹੈ, ਜਿਸ ਕਾਰਨ ਅਲਕੋਮੀਟਰ ਟੈਸਟ ਕਰਵਾਉਣਾ ਜ਼ਰੂਰੀ ਹੈ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸਨੂੰ ਨਾ-ਪ੍ਰਵਾਨ ਕਰ ਦਿੱਤਾ। ਉਹਨਾਂ ਸਪੱਸ਼ਟ ਕੀਤਾ ਕਿ ਸਦਨ ਦੀ ਕਾਰਵਾਈ ਨਿਯਮਾਂ ਅਨੁਸਾਰ ਚੱਲਦੀ ਹੈ ਅਤੇ ਅਜਿਹੀ ਕਿਸੇ ਮੰਗ ਲਈ ਕੋਈ ਸੰਵਿਧਾਨਕ ਥਾਂ ਨਹੀਂ ਹੈ। ਸਦਨ ਵਿੱਚ ਵਾਰ ਵਾਰ ਪੈ ਰਹੇ ਰੌਲੇ ਰੱਪੇ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਕੀਤੀਆਂ ਜਾ ਰਹੀਆਂ ਤਿੱਖੀਆਂ ਟਿੱਪਣੀਆਂ ਤੋਂ ਅੱਕੇ ਸਪੀਕਰ ਨੇ ਵਿਰੋਧੀ ਧਿਰ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਵੀ ਕੀਤੀ।

ਇਸ ਤੋਂ ਬਾਅਦ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਸਮੂਹ ਵਿਧਾਇਕਾਂ ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ ਕਾਂਗਰਸੀ ਵਿਧਾਇਕਾਂ ਨੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਵਿਰੋਧੀ ਧਿਰ ਵੱਲੋਂ ਕੀਤੇ ਗਏ ਵਾਕਆਊਟ ਤੋਂ ਬਾਅਦ ਸਦਨ ਦੀ ਕਾਰਵਾਈ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਾਂਗਰਸ ਅਤੇ ਅਕਾਲੀ ਦਲ ਤੇ ਜ਼ੋਰਦਾਰ ਹਮਲਾ ਬੋਲਿਆ। ਦਲਿਤ ਭਲਾਈ ਸਕੀਮਾਂ ਦਾ ਹਵਾਲਾ ਦਿੰਦਿਆਂ ਚੀਮਾ ਨੇ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਅਤੇ ਦੋਸ਼ ਲਾਇਆ ਕਿ ਦਹਾਕਿਆਂ ਤੱਕ ਪੰਜਾਬ ਤੇ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਦਲਿਤ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਸਿਰਫ਼ ਕਾਗਜ਼ੀ ਦਾਅਵੇ ਕੀਤੇ।

# ਪਾਕਿਸਤਾਨ 'ਚ ਡੀਜ਼ਲ ਤੇ ਪੈਟਰੋਲ ਦੀ ਕੀਮਤ 400 ਦੇ ਨੇੜੇ ਪਹੁੰਚੀ

## ਪੈਟਰੋਲ ਦੀ ਕੀਮਤ ਵਿਚ 6.51 ਰੁਪਏ ਅਤੇ ਡੀਜ਼ਲ ਦੀ ਕੀਮਤ ਵਿਚ 19.39 ਰੁਪਏ ਪ੍ਰਤੀ ਲੀਟਰ ਦਾ ਹੋਇਆ ਵਾਧਾ

**ਇਸਲਾਮਾਬਾਦ:** ਆਰਥਿਕ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਵਿਚ ਜਨਤਾ ’ਤੇ ਮਹਿੰਗਾਈ ਦਾ ਇਕ ਹੋਰ ਬੰਬ ਫੁੱਟਿਆ ਹੈ। ਪਾਕਿਸਤਾਨ ਸਰਕਾਰ ਨੇ ਮਹੀਨੇ ਦੇ ਪਹਿਲੇ ਦਿਨ ਤੇਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ, ਜਿਸ ਤੋਂ ਬਾਅਦ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 400 ਰੁਪਏ ਪ੍ਰਤੀ ਲੀਟਰ ਦੇ ਬੇਹੱਦ ਕਰੀਬ ਪਹੁੰਚ ਗਈਆਂ ਹਨ। ਤਾਜ਼ਾ ਨੋਟੀਫ਼ਿਕੇਸ਼ਨ ਅਨੁਸਾਰ ਪਾਕਿਸਤਾਨ ਵਿਚ ਪੈਟਰੋਲ





ਦੀ ਕੀਮਤ ਵਿਚ 6.51 ਰੁਪਏ ਅਤੇ ਡੀਜ਼ਲ ਦੀ ਕੀਮਤ ਵਿਚ 19.39 ਰੁਪਏ ਪ੍ਰਤੀ ਲੀਟਰ ਦਾ ਵੱਡਾ ਵਾਧਾ ਕੀਤਾ ਗਿਆ ਹੈ। ਹੁਣ ਉੱਥੇ ਪੈਟਰੋਲ 399.86 ਪਾਕਿਸਤਾਨੀ ਰੁਪਏ ਅਤੇ ਡੀਜ਼ਲ 399.58 ਰੁਪਏ ਪ੍ਰਤੀ ਲੀਟਰ ਦੇ ਪੱਧਰ ’ਤੇ ਪਹੁੰਚ ਗਿਆ ਹੈ। ਡੀਜ਼ਲ ਦੀਆਂ ਕੀਮਤਾਂ ਵਿਚ ਆਇਆ ਇਹ ਤੇਜ਼ ਉਛਾਲ ਖਾਸ ਤੌਰ ’ਤੇ ਟ੍ਰਾਂਸਪੋਰਟ ਅਤੇ ਉਦਯੋਗਿਕ ਖੇਤਰ ’ਤੇ ਸਿੱਧਾ ਅਸਰ ਪਾਵੇਗਾ, ਜਿਸ ਨਾਲ ਆਉਣ ਵਾਲੇ ਦਿਨਾਂ ਵਿਚ ਮਹਿੰਗਾਈ ਹੋਰ ਵਧਣ ਦੀ ਸੰਭਾਵਨਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਮੱਧ ਪੂਰਬ ਵਿਚ ਜਾਰੀ ਸੰਘਰਸ਼ ਅਤੇ ਵਿਸ਼ਵ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਹੋ ਰਹੇ ਵਾਧੇ ਕਾਰਨ ਪਾਕਿਸਤਾਨ ਵਿਚ ਈਂਧਨ ਮਹਿੰਗਾ ਹੁੰਦਾ ਜਾ ਰਿਹਾ ਹੈ। ਪਹਿਲਾਂ ਹੀ ਆਰਥਿਕ ਦਬਾਅ ਝੱਲ ਰਹੀ ਜਨਤਾ ਲਈ ਟ੍ਰਾਂਸਪੋਰਟ ਦੀ ਲਾਗਤ ਵਧਣ ਕਾਰਨ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਵੀ ਵਾਧਾ ਹੋ ਸਕਦਾ ਹੈ।

# ਪੱਛਮੀ ਬੰਗਾਲ 'ਚ ਭਲਕੇ 15 ਬੂਥਾਂ 'ਤੇ ਹੋਵੇਗੀ ਦੁਬਾਰਾ ਵੋਟਿੰਗ

### ਈ.ਵੀ.ਐਮ. ਨਾਲ ਛੇੜਛਾੜ ਦੀ ਮਿਲੀ ਸੀ ਸ਼ਿਕਾਇਤ

**ਕੋਲਕਾਤਾ :** ਚੋਣ ਕਮਿਸ਼ਨ ਨੇ ਸ਼ਨੀਵਾਰ ਨੂੰ ਪੱਛਮੀ ਬੰਗਾਲ ਦੇ 15 ਬੂਥਾਂ 'ਤੇ ਦੁਬਾਰਾ ਵੋਟਿੰਗ ਕਰਵਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ 29 ਅਪ੍ਰੈਲ ਨੂੰ ਡਾਇਮੰਡ ਹਾਰਬਰ ਦੇ 4 ਬੂਥਾਂ ਅਤੇ ਮਗ਼ਰਾਹਟ ਵੈਸਟ ਦੇ 11 ਬੂਥਾਂ 'ਤੇ ਹੋਈ ਵੋਟਿੰਗ ਦੌਰਾਨ ਹੋਈਆਂ ਹਿੰਸਾ, ਈ.ਵੀ.ਐਮ. ਨਾਲ ਛੇੜਛਾੜ ਅਤੇ ਝੜਪਾਂ ਦੀਆਂ ਘਟਨਾਵਾਂ ਤੋਂ ਬਾਅਦ ਲਿਆ ਗਿਆ ਹੈ, ਜਿਸ ਨੇ ਪੋਲਿੰਗ ਪ੍ਰਕਿਰਿਆ ਵਿੱਚ ਵਿਘਨ ਪਾਇਆ।

ਕੋਲਕਾਤਾ ਵਿੱਚ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਰਕਰਾਂ ਵੱਲੋਂ ਈ.ਵੀ.ਐਮ. ਸਟ੍ਰਾਂਗ ਰੂਮਾਂ ਦੇ ਬਾਹਰ ਧਰਨਾ ਅਤੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਸੁਰੱਖਿਆ ਕਾਫ਼ੀ ਸਖ਼ਤ ਕਰ ਦਿੱਤੀ ਗਈ ਹੈ । ਪੁਲਿਸ ਨੇ ਕੋਲਕਾਤਾ ਵਿੱਚ ਸਥਿਤ ਸੱਤ ਸਟ੍ਰਾਂਗ ਰੂਮਾਂ ਦੇ 200 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ, ਅਤੇ ਸੀਏਪੀਐਫ (ਕੇਂਦਰੀ ਹਥਿਆਰਬੰਦ ਪੁਲਿਸ ਬਲ) ਦੀਆਂ ਲਗਭਗ 700 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ



ਹਨ। ਪ੍ਰਸ਼ਾਸਨ ਨੇ ਇਹ ਫੈਸਲਾ ਵੀਰਵਾਰ ਰਾਤ ਖੁਦੀਰਾਮ ਅਨੁਸ਼ੀਲਨ ਕੇਂਦਰ ਵਿਖੇ ਟੀ.ਐਮ.ਸੀ. ਅਤੇ ਭਾਜਪਾ ਵਰਕਰਾਂ ਵੱਲੋਂ ਸਟ੍ਰਾਂਗ ਰੂਮ ਦੇ ਬਾਹਰ ਕੀਤੇ ਗਏ ਪੰਜ ਘੰਟੇ ਲੰਬੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਲਿਆ। ਖਾਸ ਤੌਰ 'ਤੇ ਵੀਰਵਾਰ ਰਾਤ ਨੂੰ ਟੀ.ਐਮ.ਸੀ. ਨੇ ਦੋਸ਼ ਲਗਾਇਆ ਕਿ ਚੋਣ ਅਧਿਕਾਰੀਆਂ ਨੇ ਬਿਨਾਂ ਕਿਸੇ ਸੂਚਨਾ ਦੇ ਈ.ਵੀ.ਐਮ. ਸਟ੍ਰਾਂਗ ਰੂਮ ਖੋਲ੍ਹਿਆ, ਈ.ਵੀ.ਐਮ. ਨਾਲ ਛੇੜਛਾੜ ਕੀਤੀ ਅਤੇ ਅਹਾਤੇ ਵਿੱਚ ਸ਼ੱਕੀ ਵਿਅਕਤੀਆਂ ਦੀ ਮੌਜੂਦਗੀ ਦੀ ਇਜਾਜ਼ਤ ਦਿੱਤੀ।

# ਮਲੋਟ 'ਚ ਹੋਈ ਗੁਟਕਾ ਸਾਹਿਬ ਦੀ ਬੇਅਦਬੀ

**ਮਲੋਟ** : ਮਲੋਟ ਦੇ ਵਾਰਡ ਨੰਬਰ-10 ਵਿੱਚ ਸਥਿਤ ਛਿੰਦਰਾ ਬਸਤੀ ਦੀ ਗਲੀ ਨੰਬਰ-4 ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਗੁਟਕਾ ਸਾਹਿਬ ਦੇ ਲਗਭਗ 20 ਅੰਗ ਗਲੀ ਵਿੱਚ ਬਿਖਰੇ ਹੋਏ ਮਿਲੇ ਹਨ । ਬੇਅਬਦੀ ਖ਼ਿਲਾਫ਼ ਸਖ਼ਤ ਕਾਨੂੰਨ ਬਣਨ ਤੋਂ ਬਾਅਦ ਬੇਅਦਬੀ ਦੀ ਇਹ ਪਹਿਲੀ ਘਟਨਾ ਹੈ। ਸਥਾਨਕ ਲੋਕਾਂ ਨੇ ਗੁਟਕਾ ਸਾਹਿਬ ਦੇ ਅੰਗ ਇਕੱਠੇ ਕੀਤੇ ਅਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਡੀ.ਐਸ.ਪੀ. ਹਰਜੀਤ ਸਿੰਘ ਮਾਨ ਅਤੇ ਐਸ.ਐਚ.ਓ.



ਹਰਪ੍ਰੀਤ ਸਿੰਘ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਮਾਮਲੇ ਜਾਂਚ ਸ਼ੁਰੂ ਕਰ ਦਿੱਤੀ ਹੈ । ਅਨੁਮਾਨ ਹੈ ਕਿ ਗੁਟਕਾ ਸਾਹਿਬ ਕਬਾੜ ਦੇ ਸਮਾਨ ਨਾਲ ਆ ਗਿਆ ਸੀ ਅਤੇ ਕਿਸੇ ਨੇ ਅੰਗ ਗਲੀ ਵਿੱਚ ਬਿਖੇਰ ਦਿੱਤੇ। ਜਗੀਰ ਸਿੰਘ ਨੇ ਸਾਥੀਆਂ ਨਾਲ ਮਿਲ ਕੇ ਬਿਖਰੇ ਅੰਗ ਇਕੱਠੇ ਕੀਤੇ ਅਤੇ ਗੁਰਦੁਆਰਾ ਸਾਹਿਬ ਵਿੱਚ ਸੁਰੱਖਿਅਤ ਰਖਵਾ ਦਿੱਤੇ। ਹਾਲਾਂਕਿ ਪੁਲਿਸ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ।

# ਇਰਾਨ 'ਤੇ ਹਾਈਪਰਸੋਨਿਕ ਮਿਜ਼ਾਈਲਾਂ ਨਾਲ ਹਮਲਾ ਕਰ ਸਕਦਾ ਹੈ ਅਮਰੀਕਾ

**ਤੇਲ ਅਵੀਵ** : ਸੰਯੁਕਤ ਰਾਜ ਅਮਰੀਕਾ ਪਹਿਲੀ ਵਾਰ ਇਰਾਨ ਵਿਰੁੱਧ ਹਾਈਪਰਸੋਨਿਕ ਮਿਜ਼ਾਈਲਾਂ ਦੀ ਵਰਤੋਂ ਕਰ ਸਕਦਾ ਹੈ। ਯੂਐਸ ਸੈਂਟਰਲ ਕਮਾਂਡ ਦੇ ਕਮਾਂਡਰ ਨੇ ਰਾਸ਼ਟਰਪਤੀ ਟਰੰਪ ਨੂੰ ਇਰਾਨ ਵਿਰੁੱਧ ਸੰਭਾਵੀ ਹਮਲੇ ਲਈ ਵੱਖ-ਵੱਖ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਐਡਮਿਰਲ ਬ੍ਰੈਡ ਕੂਪਰ ਨੇ ਵ੍ਹਾਈਟ ਹਾਊਸ ਸਿਚੁਏਸ਼ਨ ਰੂਮ ਵਿੱਚ ਟਰੰਪ ਨਾਲ ਇੱਕ ਮੀਟਿੰਗ ਦੌਰਾਨ ਇਹ ਵਿਕਲਪ ਪੇਸ਼ ਕੀਤੇ । ਬ੍ਰੀਫਿੰਗ ਵਿੱਚ ਸੰਕੇਤ ਦਿੱਤਾ ਗਿਆ ਸੀ ਕਿ ਜੇਕਰ ਟਰੰਪ ਜਵਾਬੀ ਹਮਲੇ ਨੂੰ ਅਧਿਕਾਰਤ ਕਰਨ ਦਾ ਫੈਸਲਾ ਕਰਦੇ ਹਨ, ਤਾਂ ਇੱਕ "ਸੀਮਤ ਪਰ ਬਹੁਤ ਸ਼ਕਤੀਸ਼ਾਲੀ ਹਮਲਾ" ਕੀਤਾ ਜਾ ਸਕਦਾ ਹੈ। ਰਿਪੋਰਟ ਦੇ ਅਨੁਸਾਰ, ਅਜਿਹਾ ਹਮਲਾ ਇਰਾਨ ਦੀਆਂ ਬਾਕੀ ਫੌਜੀ ਸੰਪਤੀਆਂ, ਇਸ ਦੀ ਲੀਡਰਸ਼ਿਪ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਸਕਦਾ ਹੈ।

ਰੱਖਿਆ ਵਿਭਾਗ ਕਈ ਨਵੇਂ ਅਤੇ ਉੱਨਤ ਹਥਿਆਰ ਪ੍ਰਣਾਲੀਆਂ ਦੀ ਤਾਇਨਾਤੀ 'ਤੇ



ਵੀ ਵਿਚਾਰ ਕਰ ਰਿਹਾ ਹੈ। ਇਨ੍ਹਾਂ ਵਿੱਚ "ਡਾਰਕ ਈਗਲ" ਵਜੋਂ ਜਾਣੀ ਜਾਂਦੀ ਇੱਕ ਹਾਈਪਰਸੋਨਿਕ ਮਿਜ਼ਾਈਲ ਸ਼ਾਮਲ ਹੈ। ਇਹ ਮਿਜ਼ਾਈਲ ਲਗਭਗ 2,000 ਮੀਲ (ਲਗਭਗ 3,200 ਕਿਲੋਮੀਟਰ) ਦੀ ਦੂਰੀ 'ਤੇ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਸਮਰੱਥ ਹੈ ਅਤੇ ਇਸਦੀ ਵਰਤੋਂ ਈਰਾਨ ਦੇ ਬਾਕੀ ਬਚੇ ਬੈਲਿਸਟਿਕ ਮਿਜ਼ਾਈਲ ਲਾਂਚਰਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਸਕਦੀ ਹੈ।ਇਸ ਤੋਂ ਇਲਾਵਾ, ਖੇਤਰ ਵਿੱਚ ਬੀ-1ਬੀ ਲੈਂਸਰ ਬੰਬਾਰ ਜਹਾਜ਼ਾਂ ਦੀ ਮੌਜੂਦਗੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਹ ਜਹਾਜ਼ ਭਾਰੀ ਹਥਿਆਰਾਂ ਦੇ ਭਾਰ ਨੂੰ ਚੁੱਕਣ ਦੇ ਸਮਰੱਥ ਹਨ ਅਤੇ ਹਾਈਪਰਸੋਨਿਕ ਹਥਿਆਰਾਂ ਨੂੰ ਲਿਜਾਣ ਲਈ ਵੀ ਲੈਸ ਹਨ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# AGTF ਪੰਜਾਬ ਨੇ ਹਥਿਆਰਾਂ ਸਮੇਤ ਇਕ ਮੁਲਜ਼ਮ ਕੀਤਾ ਕਾਬੂ

### ਮੁਲਜ਼ਮ ਕੋਲੋਂ ਇੱਕ .32 ਕੈਲੀਬਰ ਪਿਸਤੌਲ ਅਤੇ ਪੰਜ ਜ਼ਿੰਦਾ ਕਾਰਤੂਸ ਹੋਏ ਬਰਾਮਦ

**ਚੰਡੀਗੜ੍ਹ।** ਪੰਜਾਬ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਨੇ ਮੋਹਾਲੀ (SAS ngr) ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿਚ ਵਿਦੇਸ਼ੀ ਗੈਂਗਸਟਰਾਂ ਦੇ ਇਕ ਮੁੱਖ ਸੰਚਾਲਕ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ ਇੱਕ .32 ਬੋਰ ਦਾ ਪਿਸਤੌਲ ਅਤੇ ਪੰਜ ਕਾਰਤੂਸ ਬਰਾਮਦ ਕੀਤੇ ਗਏ ਹਨ। ਮੁੱਢਲੀ ਜਾਂਚ ਤੋਂ ਇਹ ਮਹੱਤਵਪੂਰਨ ਖੁਲਾਸਾ ਹੋਇਆ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਵਿਦੇਸ਼ਾਂ ਵਿੱਚ ਸਥਿਤ ਗੈਂਗਸਟਰ ਹੈਂਡਲਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਜਾਂਚ ਏਜੰਸੀਆਂ ਨੂੰ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਮੁਲਜ਼ਮ ਨੂੰ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਦੇ ਟ੍ਰਾਈਸਿਟੀ ਖੇਤਰ ਵਿੱਚ ਕਈ ਸੰਭਾਵੀ ਨਿਸ਼ਾਨੇ ਸੌਂਪੇ ਗਏ ਸਨ। ਇਨ੍ਹਾਂ ਨਿਸ਼ਾਨਿਆਂ ਵਿੱਚ ਅਪਰਾਧਿਕ ਕਾਰਵਾਈਆਂ ਨੂੰ ਅੰਜਾਮ ਦੇਣਾ ਸ਼ਾਮਲ ਸੀ ਜਿਨ੍ਹਾਂ ਦੀ ਕਾਫ਼ੀ ਸਮੇਂ ਤੋਂ ਯੋਜਨਾ ਬਣਾਈ ਗਈ ਸੀ। ਸੂਤਰਾਂ ਅਨੁਸਾਰ, ਮੁਲਜ਼ਮ ਨੂੰ ਆਪਣੇ ਵਿਦੇਸ਼ੀ ਹੈਂਡਲਰਾਂ ਤੋਂ ਹਰ ਹਰਕਤ ਲਈ ਨਿਰਦੇਸ਼ ਮਿਲਦੇ ਸਨ ਅਤੇ ਉਹ ਉਨ੍ਹਾਂ ਦੇ ਇਸ਼ਾਰੇ 'ਤੇ ਇਲਾਕੇ ਦੀ ਜਾਸੂਸੀ ਵੀ ਕਰ ਰਿਹਾ ਸੀ। ਇਹ ਵੀ ਸਾਹਮਣੇ ਆਇਆ ਹੈ ਕਿ ਦੋਸ਼ੀ ਨੂੰ ਹਥਿਆਰ ਮੁਹੱਈਆ ਕਰਵਾਏ ਗਏ ਸਨ ਤਾਂ ਜੋ ਉਹ ਨਿਰਧਾਰਤ ਸਮੇਂ 'ਤੇ ਅਪਰਾਧ ਨੂੰ ਅੰਜਾਮ ਦੇ ਸਕੇ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**


**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੁੱਖਾ ਕਾਹਲਵਾਂ ਦੇ ਦੋਸਤ ਗੋਪੀ ਨਿੱਝਰ ਦਾ ਕਤਲ

### ਕਾਰ ’ਚ ਬੈਠੇ ਗੁਰਪ੍ਰੀਤ ਸਿੰਘ ਨੂੰ ਅਣਪਛਾਤੇ ਹਮਲਾਵਰਾਂ ਨੇ ਮਾਰੀਆਂ ਗੋਲੀਆਂ

**ਫਿਲਵਾਂ :** ਕਪੂਰਥਲਾ ਦੇ ਫਿਲਵਾਂ ਇਲਾਕੇ ਵਿੱਚ ਬੀਤੀ ਦੇਰ ਰਾਤ ਵਾਪਰੀ ਖ਼ੂਨੀ ਵਾਰਦਾਤ ਤੋਂ ਬਾਅਦ ਪੂਰੇ ਇਲਾਕੇ ’ਚ ਸਹਿਮ ਦਾ ਮਾਹੌਲ ਹੈ । ਜੀਟੀ ਰੋਡ ’ਤੇ ਏਵਨ ਪੈਲੇਸ ਦੇ ਨੇੜੇ ਕਾਰ ਵਿੱਚ ਬੈਠੇ ਗੁਰਪ੍ਰੀਤ ਸਿੰਘ ਉਰਫ ਗੋਪੀ ਨਿੱਝਰ ਨੂੰ ਅਣਪਛਾਤੇ ਹਮਲਾਵਰਾਂ ਨੇ ਨਿਸ਼ਾਨਾ ਬਣਾ ਕੇ ਗੋਲੀਆਂ ਨਾਲ ਭੁੰਨ ਦਿੱਤਾ। ਇਹ ਕਤਲ ਇਸ ਲਈ ਵੀ ਗੰਭੀਰ ਮੰਨਿਆ ਜਾ ਰਿਹਾ ਹੈ ਕਿਉਂਕਿ ਮ੍ਰਿਤਕ ਗੈਂਗਸਟਰ ਸੁੱਖਾ ਕਾਹਲਵਾਂ ਦੇ ਕਤਲ ਮਾਮਲੇ ਦਾ ਮੁੱਖ ਗਵਾਹ ਸੀ । ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਲੋਕਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ। ਜਦਕਿ ਮ੍ਰਿਤਕ ਦੇ ਘਰ ’ਚ ਮਾਤਮ ਛਾਇਆ ਹੋਇਆ ਹੈ। ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਮ੍ਰਿਤਕ ਦੀ ਮਾਤਾ ਨੇ ਦੁਖੀ ਮਨ ਨਾਲ ਕਿਹਾ ਕਿ ਸਾਡੇ ਪੁੱਤ ਨੂੰ ਪਹਿਲਾਂ ਤੋਂ ਹੀ ਧਮਕੀਆਂ ਮਿਲ ਰਹੀਆਂ ਸਨ, ਪਰ ਫਿਰ ਵੀ ਉਸਦੀ ਸੁਰੱਖਿਆ ਲਈ ਕੋਈ ਇੰਤਜ਼ਾਮ ਨਹੀਂ ਕੀਤੇ ਗਏ ਅਤੇ ਅੱਜ ਸਾਡੇ ਘਰ ਦਾ ਚਿਰਾਗ ਬੁੱਝ ਗਿਆ ਹੈ।
ਪਰਿਵਾਰ ਨੇ ਇਲਜ਼ਾਮ ਲਗਾਇਕ ਕਿ ਜੇਕਰ ਸਮੇਂ ਗੋਪੀ ਨਿੱਝਰ ਨੂੰ ਸੁਰੱਖਿਆ ਦਿੱਤੀ ਗਈ ਹੁੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ । “ਸਾਨੂੰ ਸਿਰਫ਼ ਇਨਸਾਫ਼ ਚਾਹੀਦਾ ਹੈ। ਜਿਨ੍ਹਾਂ ਨੇ ਇਹ ਕਤਲ ਕੀਤਾ ਹੈ, ਉਹਨਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ,” ਮਾਤਾ ਨੇ



ਰੋਂਦੇ ਹੋਈ ਨੇ ਇਹ ਗੱਲਾਂ ਆਖੀਆਂ।
ਪਰਿਵਾਰ ਦੇ ਹੋਰ ਮੈਂਬਰਾਂ ਅਤੇ ਨਜ਼ਦੀਕੀ ਦੋਸਤਾਂ ਨੇ ਵੀ ਦੱਸਿਆ ਕਿ ਗੋਪੀ ਨਿੱਝਰ ਪਹਿਲਾਂ ਵੀ ਹਮਲੇ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ਲਗਾਤਾਰ ਡਰ ਦੇ ਸਾਏ ਹੇਠ ਜੀ ਰਿਹਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਗਵਾਹਾਂ ਦੀ ਸੁਰੱਖਿਆ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਹੋਰ ਪਰਿਵਾਰ ਨੂੰ ਅਜਿਹਾ ਦੁੱਖ ਨਾ ਸਹਿਣਾ ਪਵੇ।
ਇਸ ਕਤਲ ਤੋਂ ਬਾਅਦ ਫਿੱਲਵਾਂ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਡਰ ਦਾ ਮਾਹੌਲ ਬਣ ਗਿਆ ਹੈ। ਲੋਕ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਦਿਨ-ਦਿਹਾੜੇ ਜਾਂ ਅੱਧੀ ਰਾਤ ਨੂੰ ਇਸ ਤਰ੍ਹਾਂ ਦੀਆਂ ਵਾਰਦਾਤਾਂ ਹੋਣਾ ਕਾਨੂੰਨ-ਵਿਵਸਥਾ ’ਤੇ ਗੰਭੀਰ ਸਵਾਲ ਖੜ੍ਹਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਨੂੰ ਇਲ-ਾਕੇ ਵਿੱਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨੇ ਚਾਹੀਦੇ ਹਨ ਅਤੇ ਅਜਿਹੇ ਮਾਮਲਿਆਂ ਵਿੱਚ ਤੁਰੰਤ ਅਤੇ ਕੜੀ ਕਾਰਵਾਈ ਯਕੀਨੀ ਬਣਾਈ ਜਾਵੇ।

# ਕਮਰਸ਼ੀਅਲ ਸਿਲੰਡਰ 993 ਰੁਪਏ ਮਹਿੰਗਾ ਹੋਇਆ

**ਨਵੀਂ ਦਿੱਲੀ।** ਵਪਾਰਕ ਐੱਲ ਪੀ ਜੀ ਸਿਲੰਡਰ 993 ਰੁਪਏ ਮਹਿੰਗਾ ਹੋ ਗਿਆ ਹੈ। ਪੱਛਮੀ ਏਸ਼ੀਆ ਸੰਕਟ ਕਰ ਕੇ ਆਲਮੀ ਪੱਧਰ ਉੱਤੇ ਊਰਜਾ ਕੀਮਤਾਂ ਵਿੱਚ ਉਛਾਲ ਨਾਲ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਤੇ ਲਗਾਤਾਰ ਤੀਜਾ ਮਾਸਿਕ ਵਾਧਾ ਹੈ। 19 ਕਿਲੋ ਵਜ਼ਨੀ ਵਪਾਰਕ ਐੱਲ ਪੀ ਜੀ ਸਿਲੰਡਰ ਆਮ ਕਰ ਕੇ ਹੋਟਲਾਂ ਤੇ ਰੈਸਟੋਰੈਂਟਾਂ ’ਚ ਵਰਤਿਆ ਜਾਂਦਾ ਹੈ। ਇਸ ਵਾਧੇ ਨਾਲ ਦਿੱਲੀ ਵਿੱਚ ਵਪਾਰਕ ਸਿਲੰਡਰ, ਜਿਹੜਾ ਪਹਿਲਾਂ 2078.50 ਰੁਪਏ ਦਾ ਸੀ, ਦੀ ਕੀਮਤ ਹੁਣ 3071.50 ਰੁਪਏ ਹੋ ਗਈ ਹੈ। ਇਸ ਤੋਂ ਪਹਿਲਾਂ ਕੀਮਤਾਂ ’ਚ ਪਹਿਲੀ ਅਪਰੈਲ ਨੂੰ 195.50 ਰੁਪਏ ਪ੍ਰਤੀ ਸਿਲੰਡਰ ਤੇ ਪਹਿਲੀ ਮਾਰਚ ਨੂੰ 114.5 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਹੋਇਆ ਸੀ। ਇਨ੍ਹਾਂ ਤਿੰਨ ਵਾਧਿਆਂ ਨਾਲ ਕੁੱਲ ਮਿਲਾ ਕੇ ਕਮਰਸ਼ੀਅਲ ਐੱਲ ਪੀ ਜੀ ਦੀਆਂ ਦਰਾਂ ’ਚ 1303 ਰੁਪਏ ਦਾ ਇਜ਼ਾਫ਼ਾ ਹੋਇਆ ਹੈ।




ਉਂਜ ਘਰੇਲੂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ’ਚ ਕੋਈ ਫੇਰਬਦਲ ਨਹੀਂ ਕੀਤਾ ਗਿਆ। ਸੱਤ ਮਾਰਚ ਨੂੰ 14.2 ਕਿਲੋ ਵਜ਼ਨੀ ਸਿਲੰਡਰ ਦੀਆਂ ਦਰਾਂ ’ਚ 60 ਰੁਪਏ ਦਾ ਵਾਧਾ ਹੋਇਆ ਸੀ। ਦਿੱਲੀ ਵਿੱਚ ਘਰੇਲੂ ਐੱਲ ਪੀ ਜੀ ਸਿਲੰਡਰ 913 ਰੁਪਏ ਨੂੰ ਪੈਂਦਾ ਹੈ। ਸਰਕਾਰੀ ਮਾਲਕੀ ਵਾਲੀਆਂ ਤੇਲ ਕੰਪਨੀਆਂ ਇੰਡੀਅਨ ਆਇਲ ਕਾਰਪੋਰੇਸ਼ਨ (ਆਈ ਓ ਸੀ), ਭਾਰਤ ਪੈਟਰੋਲੀਅਮ ਤੇ ਹਿੰਦੁਸਤਾਨ ਪੈਟਰੋਲੀਅਮ ਹਰੇਕ ਮਹੀਨੇ ਦੀ ਪਹਿਲੀ ਤਰੀਕ ਨੂੰ ਕੌਮਾਂਤਰੀ ਬੈਂਚਮਾਰਕ ਤੇ ਐਕਸਚੇਂਜ ਦਰਾਂ ਦੇ ਆਧਾਰ ਉੱਤੇ ਏ ਟੀ ਐੱਫ ਤੇ ਐੱਲ ਪੀ ਜੀ ਕੀਮਤਾਂ ’ਤੇ ਨਜ਼ਰਸਾਨੀ ਕਰਦੀਆਂ ਹਨ। ਪੱਛਮੀ ਏਸ਼ੀਆ ਜੰਗ ਕਰ ਕੇ ਊਰਜਾ ਸਪਲਾਈ ਚੇਨਾਂ ਵਿੱਚ ਅੜਿੱਕੇ ਆਉਣ ਕਾਰਨ ਆਲਮੀ ਪੱਧਰ ’ਤੇ ਤੇਲ ਕੀਮਤਾਂ ਕਰੀਬ 50 ਫ਼ੀਸਦ ਸ਼ੂਟ ਵਟ ਗਈਆਂ ਹਨ।

# ਗੁਆਂਢੀ ਨੌਜਵਾਨ ਵੱਲੋਂ 11 ਸਾਲਾਂ ਮਾਸੂਮ ਬੱਚੀ ਨਾਲ ਜਬਰ-ਜਨਾਹ

**ਪਟਿਆਲਾ।** ਪਟਿਆਲਾ ਸ਼ਹਿਰ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਗੁਆਂਢੀ ਨੌਜਵਾਨ ਵੱਲੋਂ 11 ਸਾਲਾ ਨਾਬਾਲਗ ਬੱਚੀ ਨਾਲ ਕਥਿਤ ਤੌਰ ’ਤੇ ਜਬਰ-ਜਨਾਹ ਕੀਤਾ ਗਿਆ। ਸਥਾਨਕ ਪੁਲੀਸ ਅਧਿਕਾਰੀਆਂ ਨੇ ਅੱਜ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੀੜਤਾ ਇੱਕ ਪਰਵਾਸੀ ਮਜ਼ਦੂਰ ਦੀ ਧੀ ਹੈ। ਫੈਕਟਰੀ ਵਿੱਚ ਕੰਮ ਕਰਨ ਵਾਲੀ ਪੀੜਤਾ ਦੀ ਮਾਂ ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਇਹ ਘਟਨਾ ਕੁਝ ਦਿਨ ਪਹਿਲਾਂ ਵਾਪਰੀ ਸੀ। ਉਸ ਨੇ ਦੱਸਿਆ ਕਿ ਜਿਸ ਵੇਲੇ ਇਹ ਵਾਰਦਾਤ ਹੋਈ, ਉਹ ਆਪਣੇ ਬੱਚਿਆਂ ਨੂੰ ਘਰ ਛੱਡ ਕੇ ਕੰਮ ’ਤੇ ਗਈ ਹੋਈ ਸੀ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮ ਦੀ ਪਛਾਣ ਸ਼ਿਵਾ ਪੁੱਤਰ ਪ੍ਰਭ ਦਿਆਲ ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਮੁਲਜ਼ਮ ਉਸੇ ਘਰ ਵਿੱਚ ਬਤੌਰ ਕਿਰਾਏਦਾਰ ਰਹਿ ਰਿਹਾ ਸੀ ਅਤੇ ਪਰਿਵਾਰ ਨਾਲ ਜਾਣ-ਪਛਾਣ ਰੱਖਦਾ ਸੀ। ਪੀੜਤਾ ਦੀ ਮਾਂ ਨੇ ਦੋਸ਼ ਲਾਇਆ ਕਿ ਸ਼ਿਵਾ ਉਸ ਦੀ ਨਾਬ-ਾਲਗ ਧੀ ਨੂੰ ਵਰਗਲਾ ਕੇ ਆਪਣੇ ਕਮਰੇ ਵਿੱਚ ਲੈ ਗਿਆ ਅਤੇ ਉੱਥੇ ਉਸ ਨਾਲ ਜਬਰ-ਜਨਾਹ ਕੀਤਾ। ਘਟਨਾ ਦਾ ਪਤਾ ਉਸ ਵੇਲੇ ਲੱਗਿਆ ਜਦੋਂ ਬੱਚੀ ਨੇ ਹੱਡ-ਬੀਤੀ ਆਪਣੀ ਮਾਂ ਨੂੰ ਸੁਣਾਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਪੁਲੀਸ ਵੱਲੋਂ ਸਖ਼ਤ ਕਾਰਵਾਈਅਨਾਜ ਮੰਡੀ ਪੁਲੀਸ ਸਟੇਸ਼ਨ ਵੱਲੋਂ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਖ਼ਿਲਾਫ਼ ਭਾਰਤੀ ਨਿਆ ਸੰਹਿਤਾ (BNS): ਧਾਰਾ 128 ਅਤੇ 76, ਪੋਕਸੋ (POCSO) ਐਕਟ: ਧਾਰਾ 8 ਅਤੇ 12 ਤਹਿਤ ਅਪਰਾਧਿਕ ਮਾਮਲਾ ਦਰਜ ਕਰ ਲਿਆ ਗਿਆ ਹੈ।ਸਥਾਨਕ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਵੱਲੋਂ ਸ਼ਹਿਰ ਵਿੱਚ ਮੁਲਜ਼ਮ ਦੇ ਸੰਭਾਵੀ ਟਿਕਾਣਿਆਂ ’ਤੇ ਛਾਪੇਮਾਰੀ ਕੀਤੀ ਗਈ ਹੈ, ਪਰ ਫਿਲਹਾਲ ਉਹ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲੀਸ ਦਾ ਕਹਿਣਾ ਹੈ ਕਿ ਮੁਲਜ਼ਮ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਇਸ ਲਈ ਲਗਾਤਾਰ ਯਤਨ ਜਾਰੀ ਹਨ।



# ਡੇਰਾ ਬਾਬਾ ਮੁਰਾਦ ਸ਼ਾਹ ਜੀ, ਨਕੋਦਰ ਮੇਲੇ ਦੌਰਾਨ ਪ੍ਰਸ਼ਾਸਨ ਵੱਲੋਂ ਸਖਤ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧ

## 800 ਸੋ ਪੁਲਿਸ ਮੁਲਾਜ਼ਮ,3 ਐਸ ਪੀ ਰੈਂਕ 12 ਡੀਐਸਪੀ ਰੈਂਕ ਤਹਿਨਾਤ





**ਸਖ਼ਤ ਸੁਰੱਖਿਆ ਪ੍ਰਬੰਧ ਦੀਆਂ ਮੂਹ ਬੋਲਦੀਆਂ ਤਸਵੀਰਾਂ।**

**ਨਕੋਦਰ,01 ਮਈ (ਹਰਜਿੰਦਰ ਸਿੰਘ ਚੰਦੀ)**–ਸ. ਹਰਵਿੰਦਰ ਸਿੰਘ ਵਿਰਕ , ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਲੰਧਰ ਦਿਹਾਤੀ ਪੁਲਿਸ ਵੱਲੋਂ ਡੇਰਾ ਬਾਬਾ ਮੁਰਾਦ ਸ਼ਾਹ ਜੀ, ਨਕੋਦਰ ਵਿਖੇ ਚੱਲ ਰਹੇ ਮੇਲੇ ਅਤੇ ਧਾਰਮਿਕ ਸਮਾਗਮਾਂ ਦੌਰਾਨ ਵਿਸ਼ੇਸ਼ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧ ਕੀਤੇ ਗਏ ਹਨ। ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੇ ਪਹੁੰਚਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਕਾਨੂੰਨ-ਵਿਵਸਥਾ ਅਤੇ ਟ੍ਰੈਫਿਕ ਪ੍ਰਬੰਧ ਸੁਚਾਰੂ ਬਣਾਈ ਰੱਖਣ ਲਈ ਲਗਭਗ 800 ਪੁਲਿਸ ਕਰਮਚਾਰੀ ਅਤੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਵਿੱਚ 03 ਐਸਪੀ ਰੈਂਕ ਅਤੇ 12 ਡੀਐਸਪੀ ਰੈਂਕ ਦੇ ਅਧਿਕਾਰੀ ਸ਼ਾਮਲ ਹਨ। ਸੀਨੀਅਰ ਅਧਿਕਾਰੀਆਂ ਵੱਲੋਂ ਖੁਦ ਮਹੱਤਵਪੂਰਨ ਡਿਊਟੀ ਪੁਆਇੰਟਾਂ ’ਤੇ ਪ੍ਰਬੰਧਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਮੇਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਥਾਵਾਂ ’ਤੇ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਹੈ ਅਤੇ ਮੇਲਾ ਖੇਤਰ ਦੇ ਆਲੇ-ਦੁਆਲੇ ਮਜ਼ਬੂਤ ਪੁਲਿਸ ਚੈਕਿੰਗ ਪੁਆਇੰਟ ਸਥਾਪਤ ਕੀਤੇ ਗਏ ਹਨ। ਪੰਜਾਬ ਪੁਲਿਸ ਦੀ ਮਾਊਂਟਡ ਫੋਰਸ, ਪੀਸੀਆਰ ਟੀਮਾਂ ਅਤੇ ਐਮਰਜੈਂਸੀ ਰਿਸਪਾਂਸ ਵਾਹਨ ਵੀ ਤਾਇਨ-ਾਤ ਕੀਤੇ ਗਏ ਹਨ ਤਾਂ ਜੋ ਭੀੜ ਵਾਲੇ ਇਲਾਕਿਆਂ ਵਿੱਚ ਨਿਗਰਾਨੀ ਅਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾ ਸਕੇ। ਪੁਲਿਸ ਕਰਮਚਾਰੀ ਦਿਨ-ਰਾਤ ਦੀਆਂ ਸ਼ਿਫਟਾਂ ਵਿੱਚ ਡਿਊਟੀ ਨਿਭਾ ਰਹੇ ਹਨ ਤਾਂ ਜੋ ਸਮਾਗਮ ਦੌਰਾਨ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ’ਤੇ ਲਗਾਤਾਰ ਨਿਗਰਾਨੀ ਬਣੀ ਰਹੇ।ਸ਼ਰਧਾਲੂਆਂ ਅਤੇ ਆਮ ਲੋਕਾਂ ਦੀ ਸਹੂਲਤ ਲਈ ਵੱਖ-ਵੱਖ ਰੂਟਾਂ ’ਤੇ ਟ੍ਰੈਫਿਕ ਡਾਇਵਰਸ਼ਨ ਅਤੇ ਦਿਸ਼ਾ-ਨਿਰਦੇਸ਼ਾਂ ਸਬੰਧੀ ਵਿਸ਼ੇਸ਼ ਸਾਈਨ ਬੋਰਡ ਅਤੇ ਦਿਸ਼ਾ ਸੂਚਕ ਬੋਰਡ ਲਗਾਏ ਗਏ ਹਨ, ਤਾਂ ਜੋ ਯਾਤਰੀਆਂ ਨੂੰ ਸਹੀ ਰਸਤੇ ਦੀ ਜਾਣਕਾਰੀ ਮਿਲ ਸਕੇ ਅਤੇ ਟ੍ਰੈਫਿਕ ਜਾਮ ਤੋਂ ਬਚਿਆ ਜਾ ਸਕੇ।ਟ੍ਰੈਫਿਕ ਨੂੰ ਸੁਚਾਰੂ ਬਣਾਈ ਰੱਖਣ ਲਈ ਵਿਸ਼ੇਸ਼ ਟ੍ਰੈਫਿਕ ਡਾਇਵਰਸ਼ਨ ਯੋਜਨਾ ਵੀ ਲਾਗੂ ਕੀਤੀ ਗਈ ਹੈ, ਜਿਸ ਤਹਿਤ ਵੱਖ-ਵੱਖ ਦਿਸ਼ਾਵਾਂ ਤੋਂ ਆਉਣ ਵਾਲੇ ਵਾਹਨਾਂ ਨੂੰ ਬਦਲਵੇਂ ਰੂਟਾਂ ਰਾਹੀਂ ਡਾਇਵਰਟ ਕੀਤਾ ਜਾ ਰਿਹਾ ਹੈ, ਤਾਂ ਜੋ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਹਲਕੇ ਵਾਹਨਾਂ, ਭਾਰੀ ਵਾਹਨਾਂ ਅਤੇ ਵੀਆਈਪੀ ਵਾਹਨਾਂ ਲਈ ਵੱਖ-ਵੱਖ ਪਾਰਕਿੰਗ ਪ੍ਰਬੰਧ ਵੀ ਕੀਤੇ ਗਏ ਹਨ।ਜਲੰਧਰ ਦਿਹਾਤੀ ਪੁਲਿਸ ਵੱਲੋਂ ਸ਼ਰਧਾਲੂਆਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਨਿਰਧਾਰਤ ਰੂਟਾਂ ਦਾ ਹੀ ਇਸਤੇਮਾਲ ਕਰਨ ਅਤੇ ਡਿਊਟੀ ’ਤੇ ਤਾਇਨਾਤ ਪੁਲਿਸ ਅਧਿਕਾਰੀਆਂ ਨਾਲ ਸਹਿਯੋਗ ਕਰਨ, ਤਾਂ ਜੋ ਮੇਲਾ ਸ਼ਾਂਤੀਪੂਰਨ ਅਤੇ ਸੁਚੱਜੇ ਢੰਗ ਨਾਲ ਸੰਪੰਨ ਹੋ ਸਕੇ।

# ਨਗਰ ਕੌਂਸਲ ਚੋਣਾਂ ਦੌਰਾਨ ਕਰਨਵੀਰ ਚੌਹਾਨ ‘ਤੇ ਟਿਕੀਆਂ ਸਭ ਦੀਆਂ ਨਿਗਾਹਾਂ

**● ਵਾਰਡ ਨੰਬਰ 3 ‘ਚ ਨੌਜਵਾਨ ਕਰਨਵੀਰ ਚੌਹਾਨ ਦੀ ਐਂਟਰੀ ਨਾਲ ਸਿਆਸਤ ਗਰਮ, ਪੁਰਾਣੇ ਖਿਡਾਰੀਆਂ ਲਈ ਚੁਣੌਤੀ ਵਧੀ ● ਰਾਣਾ ਪਰਿਵਾਰ ਦੇ ਅਸ਼ੀਰਵਾਦ ਨੇ ਵਧਾਇਆ ਕਰਨ ਚੌਹਾਨ ਦਾ ਸਿਆਸੀ ਕੱਦ**



**ਕਪੂਰਥਲਾ, 1 ਮਈ ( ਕੌੜਾ )–** ਨਗਰ ਕੌਂਸਲ ਸੁਲਤਾਨਪੁਰ ਲੋਧੀ ਦੀਆਂ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਤਿਵੇਂ-ਤਿਵੇਂ ਸਿਆਸੀ ਮੈਦਾਨ ‘ਚ ਗਰਮੀ ਵਧਦੀ ਜਾ ਰਹੀ ਹੈ। ਵਾਰਡ ਨੰਬਰ 3 ਤੋਂ ਇਸ ਵਾਰ ਖਾਸ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ, ਜਿੱਥੇ ਇੱਕ ਨਵਾਂ ਤੇ ਨੌਜਵਾਨ ਚਿਹਰਾ ਕਰਨਵੀਰ ਚੌਹਾਨ ਆਪਣੀ ਕਿਸਮਤ ਅਜ਼ਮਾਉਣ ਲਈ ਮੈਦਾਨ ‘ਚ ਉਤਰ ਰਿਹਾ ਹੈ। ਕਰਨਵੀਰ ਚੌਹਾਨ ਦੀ ਐਂਟਰੀ ਨੇ ਪੁਰਾਣੇ ਸਿਆਸੀ ਖਿਡਾਰੀਆਂ ਦੇ ਪਸੀਨੇ ਛੁਡ ਦਿੱਤੇ ਹਨ। ਜਿੱਥੇ ਇੱਕ ਪਾਸੇ ਤਜਰ-ਬੇਕਾਰ ਨੇਤਾ ਆਪਣੇ ਪੁਰਾਣੇ ਕੰਮਾਂ ਦਾ ਹਵਾਲਾ ਦੇ ਰਹੇ ਹਨ, ਉੱਥੇ ਦੂਜੇ ਪਾਸੇ ਕਰਨ ਚੌਹਾਨ ਨਵੀਂ ਸੋਚ, ਤੇਜ਼ ਰਫ਼ਤਾਰ ਤੇ ਨੌਜਵਾਨ ਤਾਕਤ ਦੇ ਨਾਅਰੇ ਨਾਲ ਲੋਕਾਂ ਦੇ ਦਿਲਾਂ ‘ਚ ਥਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਖਾਸ ਗੱਲ ਇਹ ਹੈ ਕਿ ਕਰਨਵੀਰ ਚੌਹਾਨ ਇਸ ਚੋਣ ਮੈਦਾਨ ‘ਚ ਇਕੱਲਾ ਨਹੀਂ ਉਤਰ ਰਿਹਾ, ਸਗੋਂ ਉਸਨੂੰ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦਾ ਆਸ਼ੀਰਵਾਦ ਵੀ ਪ੍ਰਾਪਤ ਹੈ। ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੀ ਸ਼ਹਿਰ ਵਿੱਚ ਖੁਦ ਵੀ ਲੋਕਾਂ ਨਾਲ ਡੂੰਘੀ ਪਕੜ ਅਤੇ ਪਿਆਰ ਹੈ, ਜਿਸ ਕਰਕੇ ਲੋਕਾਂ ਨੇ ਪਹਿਲਾਂ ਵੀ ਉਹਨਾਂ ਨੂੰ ਜ਼ਬਰਦਸਤ ਸਮਰਥਨ ਦਿੱਤਾ ਸੀ। ਉਸੇ ਲੋਕਪ੍ਰਿਯਤਾ ਦਾ ਸਿੱਧਾ ਫਾਇਦਾ ਕਰਨ ਚੌਹਾਨ ਨੂੰ ਮਿਲਣਾ ਤੈਅ ਮੰਨਿਆ ਜਾ ਰਿਹਾ ਹੈ। ਨਾਲ ਹੀ, ਰਾਣਾ ਇੰਦਰ ਪ੍ਰਤਾਪ ਸਿੰਘ ਦਾ ਸਿਆਸੀ ਕੱਦ ਵੀ ਕਾਫ਼ੀ ਉੱਚਾ ਮੰਨਿਆ ਜਾਂਦਾ ਹੈ, ਜੋ ਇਸ ਚੋਣ ਨੂੰ ਹੋਰ ਵੀ ਦਿਲਚਸਪ ਬਣਾ ਰਿਹਾ ਹੈ। ਲੋਕਾਂ ਦੀਆਂ ਨਿਗਾਹਾਂ ਹੁਣ ਇਸ ਗੱਲ ‘ਤੇ ਟਿਕੀਆਂ ਹੋਈਆਂ ਹਨ ਕਿ ਕੀ ਨੌਜਵਾਨ ਚਿਹਰਾ ਪੁਰਾਣੀ ਸਿਆਸਤ ਨੂੰ ਚੁਣੌਤੀ ਦੇ ਸਕੇਗਾ ਜਾਂ ਫਿਰ ਇਹ ਸਿਰਫ਼ ਇੱਕ ਹੋਰ ਚੋਣੀ ਜਜ਼ਬਾ ਬਣ ਕੇ ਰਹਿ ਜਾਵੇਗਾ। ਇਲਾਕੇ ਦੇ ਵੋਟਰ ਵੀ ਇਸ ਵਾਰ ਕਾਫ਼ੀ ਸਚੇਤ ਨਜ਼ਰ ਆ ਰਹੇ ਹਨ ਅਤੇ ਉਹ ਸਿਰਫ਼ ਵਾਅਦਿਆਂ ਨਹੀਂ, ਸਗੋਂ ਅਸਲ ਕੰਮ ਦੇ ਆਧਾਰ ‘ਤੇ ਫੈਸਲਾ ਕਰਨ ਦੇ ਮੂਡ ‘ਚ ਹਨ। ।ਕਰਨ ਚੌਹਾਨ ਨਾ ਸਿਰਫ਼ ਵਿਕਾਸੀ ਕੰਮਾਂ ਨੂੰ ਲੈ ਕੇ ਗੰਭੀਰ ਦਿਖਾਈ ਦੇ ਰਿਹਾ ਹੈ, ਸਗੋਂ ਲੋਕਾਂ ਦੇ ਸੁੱਖ-ਦੁੱਖ ਵਿੱਚ ਵੀ ਵਧ-ਚੜ੍ਹ ਕੇ ਸ਼ਾਮਿਲ ਹੋ ਰਿਹਾ ਹੈ। ਕਿਸੇ ਵੀ ਘਰ ਵਿੱਚ ਖੁਸ਼ੀ ਜਾਂ ਗਮ ਦਾ ਮੌਕਾ ਹੋਵੇ, ਉਹ ਆਪਣੀ ਹਾਜ਼ਰੀ ਨਾਲ ਲੋਕਾਂ ਦੇ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ, ਜੋ ਵੋਟਰਾਂ ‘ਤੇ ਸਿੱਧਾ ਅਸਰ ਪਾ ਰਿਹਾ ਹੈ। ਇਲਾਕੇ ਦੇ ਕਈ ਨਿਵਾਸੀਆਂ ਦਾ ਕਹਿਣਾ ਹੈ ਕਿ ਕਰਨ ਚੌਹਾਨ ਦੀ ਇਹ ਲਗਨ ਅਤੇ ਜੁੜਾਅ ਉਸਨੂੰ ਹੋਰ ਉਮੀਦਵਾਰਾਂ ਤੋਂ ਵੱਖਰਾ ਬਣਾਉਂਦਾ ਹੈ। ਚੋਣਾਂ ਤੋਂ ਪਹਿਲਾਂ ਹੀ ਉਸਦੀ ਸਰਗਰਮੀ ਇਹ ਸੰਕੇਤ ਦੇ ਰਹੀ ਹੈ ਕਿ ਉਹ ਸਿਰਫ਼ ਵਾਅਦਿਆਂ ਤੱਕ ਸੀਮਿਤ ਨਹੀਂ, ਸਗੋਂ ਮੈਦਾਨ ‘ਚ ਉਤਰ ਕੇ ਕੰਮ ਕਰਨ ਵਾਲੀ ਸੋਚ ਰੱਖਦਾ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕ ਕਰਨ ਚੌਹਾਨ ਦੀ ਇਸ ਸਰਗਰਮੀ ਨੂੰ ਵੋਟਾਂ ‘ਚ ਤਬਦੀਲ ਕਰਦੇ ਹਨ ਜਾਂ ਨਹੀਂ, ਪਰ ਇਸ ਵੇਲੇ ਉਹ ਵਾਰਡ ਨੰਬਰ 3 ਵਿੱਚ ਇੱਕ ਮਜ਼ਬੂਤ ਦਾਵੇਦਾਰ ਵਜੋਂ ਉਭਰਦਾ ਹੋਇਆ ਜ਼ਰੂਰ ਦਿਖਾਈ ਦੇ ਰਿਹਾ ਹੈ। ਕਰਨਵੀਰ ਚੌਹਾਨ ਲਈ ਇਹ ਚੋਣ ਸਿਰਫ਼ ਇੱਕ ਮੁਕਾਬਲਾ ਨਹੀਂ, ਸਗੋਂ ਆਪਣੀ ਪਛਾਣ ਬਣਾਉਣ ਦੀ ਅਸਲੀ ਕਸੌਟੀ ਹੈ। ਜੇਕਰ ਉਹ ਲੋਕਾਂ ਦੇ ਭਰੋਸੇ ‘ਤੇ ਖਰਾ ਉਤਰਦਾ ਹੈ ਤਾਂ ਇਹ ਉਸਦੇ ਸਿਆਸੀ ਕਰੀਅਰ ਲਈ ਵੱਡਾ ਮੋੜ ਸਾਬਤ ਹੋ ਸਕਦਾ ਹੈ, ਨਹੀਂ ਤਾਂ ਇਹ ਮੈਦਾਨ ਉਸਨੂੰ ਸਿਆਸਤ ਦੀ ਕੜਵੀ ਹਕੀਕਤ ਵੀ ਵਿਖਾ ਸਕਦਾ ਹੈ। ਹੁਣ ਦੇਖਣਾ ਇਹ ਹੈ ਕਿ ਵਾਰਡ ਨੰਬਰ 3 ਦੀ ਜਨਤਾ ਨਵੇਂ ਚਿਹਰੇ ਨੂੰ ਮੌਕਾ ਦਿੰਦੀ ਹੈ ਜਾਂ ਫਿਰ ਤਜਰਬੇਕਾਰਾਂ ‘ਤੇ ਹੀ ਦਾਅ ਲਗਾਉਂਦੀ ਹੈ। ਇੱਕ ਗੱਲ ਤਾਂ ਪੱਕੀ ਹੈ, ਇਸ ਵਾਰ ਮੁਕ-ਾਬਲਾ ਤਿੱਖਾ ਹੋਵੇਗਾ ਅਤੇ ਨਤੀਜੇ ਚੌਕਾਣੇ ਵਾਲੇ ਵੀ ਹੋ ਸਕਦੇ ਹਨ।

# ਸਕੂਲ ਵਿੱਚ ਅਧਿਆਪਕ ਭੇਜੋ

ਬਠਿੰਡਾ ਜ਼ਿਲੇ ਦੇ ਬਲਾਕ ਸੰਗਤ ਅਧੀਨ ਆਉਂਦੇ ਪਿੰਡ ਕੋਟਗੁਰੂ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਕਾਫ਼ੀ ਸਮੇਂ ਤੋਂ ਅਧਿਆਪਕਾਂ ਦੀ ਵੱਡੀ ਘਾਟ ਚੱਲ ਰਹੀ ਹੈ। ਕਾਫ਼ੀ ਸਮਾਂ ਪਹਿਲਾਂ ਪਿੰਡ ਵਾਸੀਆਂ ਅਤੇ ਕੁੱਝ ਜਥੇਬੰਦੀਆਂ ਵੱਲੋਂ ਸਿੱਖਿਆਂ ਵਿਭਾਗ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਅਜੇ ਤੱਕ ਪਰਨਾਲਾ ਉਥੇ ਦਾ ਉਥੇ ਹੀ ਹੈ। ਸਿੱਖਿਆ ਕ੍ਰਾਂਤੀ ਲਹਿਰ ਦੇ ਚੱਲਦਿਆਂ ਸਕੂਲ ਵਿੱਚ ਅਧਿਆਪਕਾ ਦੀ ਕਮੀ ਹੋਣ ਕਰਕੇ ਮਜ਼ਬੂਰੀ ਵੱਸ ਮਾਪੇ ਆਪਣੇ ਬੱਚਿਆਂ ਨੂੰ ਇਸ ਸਕੂਲ ਵਿੱਚੋਂ ਹਟਾਕੇ ਦੂਰ ਦੁਰਾਡੇ ਦੇ ਪ੍ਰਾਈਵੇਟ ਸਕੂਲਾਂ ਵਿੱਚ ਲਗਾਉਣ ਲਈ ਮਜ਼ਬੂਰ ਹੋ ਰਹੇ ਹਨ। ਸਰਕਾਰੀ ਐਲੀਮੈਂਟਰੀ ਸਕੂਲ ਕੋਟਗੁਰੂ ਦੇ ਸਮੂੰਹ ਵਿੱਦਿਆਰਥੀਆਂ ਦੇ ਮਾਪਿਆਂ ਨੇ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਨਵਾਂ ਸੈਸ਼ਨ ਸ਼ੁਰੂ ਹੋ ਚੁੱਕਾ ਹੈ, ਇਸ ਲਈ ਬਿਨਾਂ ਕਿਸੇ ਹੋਰ ਦੇਰੀ ਕੀਤੇ ਜਲਦ ਤੋਂ ਜਲਦ ਸਕੂਲ ਵਿੱਚ ਅਧਿਆਪਕ ਭੇਜੇ ਜਾਣ ਤਾਂ ਕਿ ਉਹਨਾਂ ਦੇ ਬੱਚਿਆਂ ਦਾ ਭਵਿੱਖ ਬਰਬਾਦ ਹੋਣ ਤੋਂ ਬਚ ਸਕੇ।

**ਅੰਗਰੇਜ ਸਿੰਘ ਵਿੱਕੀ,**
**ਪਿੰਡ ਤੇ ਡਾਕ. ਕੋਟਗੁਰੂ**
**(ਬਠਿੰਡਾ),**

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਹੁਜਨ ਸੰਘਰਸ਼ ਆਰਗੇਨਾਈਜੇਸ਼ਨ ਆਫ ਇੰਡੀਆ ਦਾ ਵਫਦ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਨੂੰ ਮਿਲਿਆ

**● ਸਰਕਾਰ ਸਿੱਖਿਆ ਅਧਿਕਾਰ ਤਹਿਤ ਦਾਖਲਾ ਫਾਰਮ ਭਰਨ ਦੀ ਤਾਰੀਖ ਵਿੱਚ ਜੂਨ ਤੱਕ ਵਾਧਾ ਕੀਤਾ ਜਾਵੇ – ਰਜਿੰਦਰ ਘੇੜਾ ● ਅਰਬਨ ਅਸਟੇਟ ਨੇੜੇ ਜੀ.ਟੀ.ਰੋਡ 'ਤੇ ਬਣੇ ਕੂੜੇ ਦੇ ਡੰਪ ਨੂੰ ਤੁਰੰਤ ਹਟਾਇਆ ਜਾਵੇ – ਮਨੀਸ਼ ਮਹਿਮੀ**



**ਫਗਵਾੜਾ 1 ਮਈ (ਚਰਨਜੀਤ ਸੱਲ੍ਹਾ)** ਬਹੁਜਨ ਸੰਘਰਸ਼ ਆਰਗੇਨਾਈਜੇਸ਼ਨ ਆਫ ਇੰਡੀਆ ਦਾ ਵਫਦ ਚੇਅਰਮੈਨ ਰਜਿੰਦਰ ਘੇੜਾ ਦੀ ਅਗਵਾਈ ਵਿੱਚ ਰਾਜਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਅਤੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਨੂੰ ਮਿਲਿਆ। ਇਸ ਮੌਕੇ ਵਫ਼ਦ ਨੇ ਰਾਈਟਸ ਟੂ ਐਜੂਕੇਸ਼ਨ ਐਕਟ 2009 ਬਾਰੇ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਨਾਲ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ ਇਸਦਾ ਲਾਭ ਲੈਣ ਲਈ ਆ ਰਹੀਆ ਮੁਸ਼ਕਲਾ ਤੋਂ ਜਾਣੂ ਕਰਵਾਇਆ। ਚੇਅਰਮੈਨ ਰਜਿੰਦਰ ਘੇੜਾ ਨੇ ਰਾਈਟਸ ਟੂ ਐਜੂਕੇਸ਼ਨ ਐਕਟ 2009 ਤਹਿਤ ਸਰਕਾਰ ਵੱਲੋਂ ਕੀਤੇ ਜਾ ਰਹੇ ਪ੍ਰਾਈਵੇਟ ਸਕੂਲਾਂ ਵਿੱਚ 25% ਗਰੀਬ ਵਰਗ ਦੇ ਬੱਚਿਆਂ ਲਈ ਨਰਸਰੀ ਤੋਂ ਪਹਿਲੀ ਤੱਕ ਫ੍ਰੀ ਦਾਖਲੇ ਲਈ ਧੰਨਵਾਦ ਕੀਤਾ, ਪਰ ਉਨ੍ਹਾ ਨੇ ਇਹ ਵੀ ਕਿਹਾ ਕਿ ਜੋ ਸਰਕਾਰ ਵੱਲੋਂ 16 ਅਪ੍ਰੈਲ ਤੋਂ 2 ਮਈ ਤੱਕ ਦਾਖਲਾ ਫਾਰਮ ਭਰਨ ਦੀ ਤਾਰੀਖ ਰੱਖੀ ਗਈ ਹੈ, ਇਸ ਦਾ ਸਮਾਂ ਬਹੁਤ ਘੱਟ ਹੈ ਅਤੇ ਉਸਨੂੰ ਵਧਾ ਕੇ ਜੂਨ ਤੱਕ ਕੀਤਾ ਜਾਵੇ। ਇਸ ਮੌਕੇ ਬਹੁਜਨ ਸੰਘਰਸ਼ ਆਰਗੇਨਾਈਜੇਸ਼ਨ ਆਫ ਇੰਡੀਆ ਦੇ ਪੰਜਾਬ ਪ੍ਰਧਾਨ ਧਰਮਿੰਦਰ ਸਿੰਘ ਭੁੱਲਾਰਾਈ ਨੇ ਮੰਗ ਕੀਤੀ ਕਿ ਸਰਕਾਰ ਨੂੰ ਇਹ ਦਾਖਲੇ ਪ੍ਰੀ ਨਰਸਰੀ ਤੋਂ ਅੱਠਵੀਂ ਜਮਾਤ ਤੱਕ ਆਨਲਾਈਨ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਸਿੱਖਿਆ ਦਾ ਅਧਿਕਾਰ 2009 ਐਕਟ ਤਹਿਤ ਮੁਫਤ ਅਤੇ ਲਾਜ਼ਮੀ ਗਰੀਬ ਵਰਗ ਦੇ ਬੱਚੇ ਇਸ ਦਾ ਲਾਭ ਲੈ ਸਕਣ। ਧਰਮਿੰਦਰ ਭੁੱਲਾਰਾਈ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਵੈੱਬਸਾਈਟ ਆਰਟੀਈ ਪੰਜਾਬ ਸਕੂਲ.ਗੌਰਮਿੰਟ.ਇਨ ਤੇ ਜਾ ਕੇ ਹਰ ਵਰਗ ਦੇ ਗਰੀਬ ਬੱਚੇ ਇਸਦੀ ਜਾਣਕਾਰੀ ਅਤੇ ਲਾਭ ਪ੍ਰਾਪਤ ਕਰ ਸਕਦੇ ਹਨ। ਸਿੱਖਿਆ ਦਾ ਅਧਿਕਾਰ 2009 ਐਕਟ ਲਾਭ ਐ ਸ . ਸੀ . , ਬੀ . ਸੀ . ਅ ਤੇ ਓ.ਬੀ.ਸੀ.ਵਰਗ, ਜੰਗੀ ਵਿਧਵਾਵਾਂ ਦੇ ਬੱਚੇ ਅਤੇ ਹੈਂਡੀਕੈਪਡ ਇਸ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਸਮਾਜ ਸੇਵਕ ਮਨੀਸ਼ ਮਹਿੰਮੀ ਨੇ ਜੀ.ਟੀ.ਰੋਡ ਨੇੜੇ ਅਰਬਨ ਅਸਟੇਟ ਵਿਖੇ ਬਣੇ ਕੂੜੇ ਦੇ ਡੰਪ ਦਾ ਮਾਮਲਾ ਵੀ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਇੰਚਾਰਜ ਹਰਜੀ ਮਾਨ ਕੋਲ ਉਠਾਇਆ ਅਤੇ ਮੰਗ ਕੀਤੀ ਕਿ ਕੂੜੇ ਦਾ ਡੰਪ ਜਲਦੀ ਤੋਂ ਜਲਦੀ ਉੱਥੋਂ ਚੁੱਕਿਆ ਤਾਂ ਜੋ ਉੱਥੋਂ ਲੰਘਣ ਵਾਲੇ ਰਾਹਗੀਰਾਂ ਅਤੇ ਅਰਬਨ ਅਸਟੇਟ ਦੇ ਵਾਸੀਆ ਨੂੰ ਸੁੱਖ ਦਾ ਸਾਹ ਆ ਸਕੇ। ਸੁਰਿੰਦਰ ਰਾਵਲਪਿੰਡੀ ਨੇ ਵੀ ਪਿੰਡਾ ਦੀਆ ਟੁੱਟੀਆਂ ਸੜਕਾਂ ਨੂੰ ਪਹਿਲ ਦੇ ਆਧਾਰ ਤੇ ਬਣਾਉਣ ਦੀ ਮੰਗ ਕੀਤੀ।

# ਪਿੰਡ ਰਾਮਗੜ੍ਹ ਵਾਰਡ 3 ਵਿੱਚ ਪੰਚ ਸ਼ਰਨਜੀਤ ਸਿੰਘ ਸੋਨੀ ਦੇ ਯਤਨਾਂ ਨਾਲ ਗਲੀਆਂ ਬਣਨ ਦੇ ਕੰਮਾਂ ਦੀ ਸ਼ੁਰੂਆਤ



**ਹੁਸ਼ਿਆਰਪੁਰ 1 ਮਈ ( ਤਰਸੇਮ ਦੀਵਾਨਾ )** – ਪਿੰਡ ਰਾਮਗੜ੍ਹ ਦੇ ਵਾਰਡ ਨੰਬਰ 3 ਵਿੱਚ ਵਿਕਾਸ ਕਾਰਜਾਂ ਨੂੰ ਰਫ਼ਤਾਰ ਦਿੰਦਿਆਂ ਨਵੀਆਂ ਬਣ ਰਹੀਆਂ ਗਲੀਆਂ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਨੇ ਖੁਦ ਮੌਕੇ ’ਤੇ ਪਹੁੰਚ ਕੇ ਕੰਮ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਦੇ ਨਾਲ ਹਲਕਾ ਸੰਗਠਨ ਮੰਤਰੀ ਗੁਰਦੀਪ ਸਿੰਘ ਦੀਪਾ, ਸੀਨੀਅਰ ਆਗੂ ਰਵੀ ਕੁਮਾਰ ਮੰਤਰੀ ਅਤੇ ਪੰਚਾਇਤ ਸੈਕਟਰੀ ਸਤੀਸ਼ ਕੁਮਾਰ, ਪੀਏ ਰਵਿੰਦਰ ਸਿੰਘ ਵੀ ਹਾਜ਼ਰ ਰਹੇ। ਪਿੰਡ ਪਹੁੰਚਣ ’ਤੇ ਵਾਰਡ ਨੰਬਰ 3 ਦੇ ਪੰਚ ਸ਼ਰਨਜੀਤ ਸਿੰਘ ਸੋਨੀ ਵੱਲੋਂ ਹਲਕਾ ਇੰਚਾਰਜ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਹਰਨੂਰ ਸਿੰਘ ਹਰਜੀ ਮਾਨ ਨੇ ਕਿਹਾ ਕਿ ਵਾਰਡ ਨੰਬਰ 3 ਵਿੱਚ ਜੋ ਵੀ ਵਿਕਾਸ ਕਾਰਜ ਲੰਮੇ ਸਮੇਂ ਤੋਂ ਅਧੂਰੇ ਪਏ ਹਨ, ਉਹਨਾਂ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਲਾਕੇ ਦੇ ਹਰ ਵਾਰਡ ਵਿੱਚ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਪਿੰਡ ਵਿੱਚ ਵਿਕਾਸ ਦੇ ਕੰਮ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਹਰਜੀਤ ਸਿੰਘ ਰਾਮਗੜ੍ਹ, ਕੁਲਦੀਪ ਸਿੰਘ, ਰੀਤ ਪ੍ਰੀਤਪਾਲ ਸਿੰਘ, ਜੋਧ ਸਿੰਘ, ਕਮਲਜੀਤ ਕੌਰ ਪ੍ਰੀਤੀ, ਮਨਜਿੰਦਰ ਕੌਰ, ਜਸਵੀਰ ਕੌਰ, ਗੁਰਸ਼ਿੰਦਰ ਕੌਰ ਸਮੇਤ ਵਾਰਡ ਨੰਬਰ 3 ਦੇ ਕਈ ਵਸਨੀਕ ਮੌਜੂਦ ਸਨ, ਜਿਨ੍ਹਾਂ ਨੇ ਗਲੀਆਂ ਦੇ ਨਿਰਮਾਣ ਦੀ ਸ਼ੁਰੂਆਤ ’ਤੇ ਖੁਸ਼ੀ ਜਤਾਈ।ਫੋਟੋ ਅਜਮੇਰ ਦੀਵਾਨਾ

# 12 ਘੰਟੇ ਤੋਂ 8 ਘੰਟੇ ਭਾਰਤ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਕਰਵਾਏ- ਕ੍ਰਿਪਾਲ ਸਿੰਘ ਝੱਲੀ




**ਬੰਗਾ 1 ਮਈ (ਚਰਨਜੀਤ ਸੱਲ੍ਹਾ)** **"ਅੰਤਰਰਾਸ਼ਟਰੀ** ਮਜਦੂਰ ਦਿਵਸ" ਦੇ ਸਬੰਧ ਵਿੱਚ ਸ਼੍ਰੀ ਗੁਰੂ ਰਵਿਦਾਸ ਚੌਂਕ ਬੰਗਾ ਵਿਖੇ ਮਜ਼ਦੂਰਾਂ ਨੂੰ ਮਈ ਦਿਵਸ ਦੇ ਮਹੱਤਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਿਰਪਾਲ ਸਿੰਘ ਝੱਲੀ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ (ਸੇਵਾਮੁਕਤ) ਵਲੋਂ ਕਿਹਾ ਗਿਆ ਕਿ 1 ਮਈ 1886 ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਮਜ਼ਦੂਰਾਂ ਦੀ ਹੜਤਾਲ ਨੂੰ ਕੁਚਲਣ ਲਈ ਸਰਕਾਰ ਵਲੋਂ ਮਜ਼ਦੂਰਾਂ ਉੱਪਰ ਬੰਬ ਧਮਾਕਾ ਕਰਵਾਇਆ ਗਿਆ ਸੀ ਜਿਸ ਵਿੱਚ ਕਈ ਮਜਦੂਰ ਮਾਏ ਗਏ। ਮਜ਼ਦੂਰਾਂ ਦੀ ਯਾਦ ਵਿੱਚ ਸ਼ਿਕਾਗੋ ਵਿੱਚ 1 ਮਈ ਨੂੰ "ਅੰਤਰਰਾਸ਼ਟਰੀ ਮਜਦੂਰ ਦਿਵਸ" ਮਨਾਇਆ ਜਾਣ ਲੱਗਾ। ਭਾਰਤ ਸਮੇਤ 85 ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਭਾਰਤ ਵਿੱਚ 1 ਮਈ 1923 ਨੂੰ ਮਨਾਇਆ ਜਾਣ ਲੱਗਾ। ਬਾਬਾ ਸਾਹਿਬ ਡਾ. ਬੀ.ਆਰ.ਅੰਬੇਡਕਰ ਵੱਲੋਂ ਮਜਦੂਰਾਂ ਦੀ ਦਿਹਾੜੀ ਦਾ ਡਿਊਟੀ ਸਮਾ 12 ਘੰਟੇ ਤੋਂ ਘਟਾ ਕੇ 8 ਘੰਟੇ ਕੀਤੇ ਗਏ। ਮਜ਼ਦੂਰਾਂ ਲਈ ਪੈਨਸ਼ਨ ਯੋਜਨਾ ਤਿਆਰ ਕੀਤੀ ਗਈ ਅਤੇ ਛੁੱਟੀ ਵਲੇ ਦਿਨ ਦੀ ਤਨਖਾਹ ਦੇਣ ਲਈ ਯੋਜਨਾ ਬਣਾਈਆ ਗਈਆ। ਗਰਭਵਤੀ ਔਰਤਾਂ ਲਈ 6 ਮਹੀਨੇ ਦੀ ਛੁੱਟੀ ਅਤੇ ਐਮਰਜੇਂਸੀ ਛੁੱਟੀ ਲੇਣ ਦੀ ਅਤੇ ਤਨਖਾਹ ਨਾ ਕੱਟਣ ਦੀ ਯੋਜਨਾ ਅਤੇ ਮਜ਼ਦੂਰੀ ਦੀ ਬੀਮਾ ਯੋਜਨਾ ਬਣਾਈ ਗਈ। ਇਸ ਮੌਕੇ ਮਜ਼ਦੂਰਾਂ ਨੂੰ ਫਰੂਟ ਵੀ ਤਕਸੀਮ ਕੀਤਾ ਗਿਆ।

# ਮੈਡੀਕਲ ਪ੍ਰਕੈਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ



**ਸੜੋਆ 1 ਮਈ( ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰਬਰ 295 ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜੀ ਦੀ ਪ੍ਰਧਾਨਗੀ ਹੇਠ ਹੋਈ ਸਟੇਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਿਤ ਕੀਤੀ ਗਈ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ ਉਨ੍ਹਾਂ ਨੂੰ ਯਾਦ ਕੀਤਾ ਗਿਆ ਅਤੇ ਮਜਦੂਰ ਦਿਵਸ ਮਨਾਇਆ ਗਿਆ ਸੰਨ 1886 ਵਿਚ ਸ਼ਿਕਾਗੋ ਦੇ ਮਜ਼ਦੂਰਾਂ ਨੇ ਇਹ ਮੰਗ ਕੀਤੀ ਕਿ ਕੰਮ ਦੇ 8 ਘੰਟੇ ਪ੍ਰਤੀ ਦਿਨ ਹੋਣ ਉਸ ਵੇਲੇ ਫੈਕਟਰੀਆਂ ਵਿਚ ਮਜ਼ਦੂਰਾ ਤੋਂ 12 ਤੋਂ 16 ਘੰਟੇ ਕੰਮ ਲਿਆ ਜਾਂਦਾ ਸੀ ਹੜਤਾਲ ਅਤੇ ਪ੍ਰਦਰਸ਼ਨਾ ਦੋਰਾਨ ਹਿੰਸਕ ਘਟਨਾਵਾਂ ਵਾਪਰੀਆਂ ਜਿਸ ਕਾਰਨ ਕਈ ਲੋਕ ਮਾਰੇ ਗਏ ਸੰਘਰਸ਼ ਦੀ ਯਾਦ ਵਿੱਚ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਭਾਰਤ ਵਿਚ ਮਜ਼ਦੂਰ ਦਿਵਸ ਪਹਿਲੀ ਵਾਰ 1923 ਚੇਨਈ ਵਿਚ ਮਨਾਇਆ ਗਿਆ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਗੁਰਦੇਵ ਸਿੰਘ ਡਾਕਟਰ ਮੰਗਾ ਡਾਕਟਰ ਜਗਜੀਵਨ ਰਾਮ ਡਾਕਟਰ ਲਖਵੀਰ ਸਿੰਘ ਡਾਕਟਰ ਨਿਰਮਲ ਸਿੰਘ ਡਾਕਟਰ ਜਗਤਾਰ ਸਿੰਘ ਡਾਕਟਰ ਸੁਰਿੰਦਰ ਪਾਲ ਡਾਕਟਰ ਹੰਸ ਰਾਜ ਡਾਕਟਰ ਅਮਰਜੀਤ ਸਿੰਘ ਡਾਕਟਰ ਪ੍ਰੇਮ ਕੁਮਾਰ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ 9417175640 ਵੱਟਸਐਪ ਨੰਬਰ 9878560136

# ਚੌਧਰੀ ਬਲਬੀਰ ਅਤੇ ਪ੍ਰਿੰਸੀਪਲ ਬੱਗਾ ਦੀ ਯਾਦ ਵਿੱਚ

## "ਗੰਗਾ ਜਮੁਨਾ, ਹਾਰਮੋਨੀਅਸ ਅਵਾਰਡ" ਨਾਲ ਸੋਢੀ ਅਤੇ ਕਾਮਰੇਡ ਮੱਟੂ ਸਨਮਾਨਿਤ





**ਹੁਸ਼ਿਆਰਪੁਰ 1 ਮਈ (ਤਰਸੇਮ ਦੀਵਾਨਾ)** – ਸਮਾਜਿਕ ਜਾਗਰੂਕਤਾ ਲਈ ਕਾਰਜਸ਼ੀਲ ਸੰਸਥਾ "ਸਵੇਰਾ" ਦੁਆਰਾ ਕੌਮੀ ਏਕਤਾ ਅਤੇ ਫਿਰਕੂ ਸਦਭਾਵਨਾ ਦੇ ਮੋਢੀ ਕਾਮਰੇਡ ਦਰਸ਼ਨ ਸਿੰਘ ਮੱਟੂ ਅਤੇ ਤਜਿੰਦਰ ਸਿੰਘ ਸੋਢੀ ਨੂੰ ਸਾਲ 2026 ਦਾ "ਗੰਗਾ ਜਮੁਨਾ ਹਾਰਮੋਨੀਅਸ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਮਜ਼ਦੂਰ ਦਿਵਸ, ਬੁੱਧ ਪੂਰਨਿਮਾ ਅਤੇ ਮਹਾਨ ਸਮਾਜਵਾਦੀ ਚਿੰਤਕ ਸਵ. ਮਧੂ ਲਿਮਯੇ ਦੇ ਜਨਮ ਦਿਵਸ ਦੇ ਮੌਕੇ 'ਤੇ ਆਯੋਜਿਤ ਸਮਾਗਮ ਵਿੱਚ ਸੈਂਟ ਜੋਸਫ ਹਸਪਤਾਲ ਦੀ ਡਾ. ਜੈਸੀ ਜੋਸਫ ਨੇ ਇਨ੍ਹਾਂ ਸ਼ਖ਼ਸੀਅਤਾਂ ਨੂੰ ਹਾਰਮੋਨੀਅਸ ਅਵਾਰਡ ਨਾਲ ਸਨਮਾਨਿਤ ਕਰਦਿਆਂ ਕਿਹਾ ਕਿ ਪ੍ਰੇਮ, ਦਇਆ ਅਤੇ ਆਪਸੀ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਵਾਲੇ ਅਸਲ ਵਿੱਚ ਫਰਿਸ਼ਤਿਆਂ ਦੇ ਸਮਾਨ ਹੁੰਦੇ ਹਨ। ਅੱਜ ਜਾਰੀ ਪ੍ਰੈਸ ਨੋਟ ਵਿੱਚ "ਸਵੇਰਾ" ਦੇ ਕਨਵੀਨਰ ਡਾ. ਅਜੇ ਬੱਗਾ ਨੇ ਦੱਸਿਆ ਕਿ ਕਾਮਰੇਡ ਦਰਸ਼ਨ ਸਿੰਘ ਮੱਟੂ ਵਿਦਿਆਰਥੀ ਜੀਵਨ ਤੋਂ ਹੀ ਸਮਾਜਿਕ ਬੁਰਾਈਆਂ – ਜਿਵੇਂ ਦਾਜ ਪ੍ਰਥਾ, ਧਰਮ, ਜਾਤ ਅਤੇ ਮਜ਼ਹਬ ਦੇ ਆਧਾਰ 'ਤੇ ਭੇਦਭਾਵ ਦੇ ਵਿਰੁੱਧ ਸੰਘਰਸ਼ਸ਼ੀਲ ਰਹੇ ਹਨ। ਤਜਿੰਦਰ ਸਿੰਘ ਸੋਢੀ, ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ, ਪੰਥ ਦੀ ਉੱਨਤੀ ਲਈ ਹਮੇਸ਼ਾ ਸਰਗਰਮ ਰਹੇ। ਉਨ੍ਹਾਂ ਨੇ ਜੀਵਨ ਭਰ ਆਪਣੇ ਪ੍ਰਭਾਵਸ਼ਾਲੀ ਭਾਸ਼ਣਾਂ ਰਾਹੀਂ ਭਾਈਚਾਰੇ ਅਤੇ ਏਕਤਾ ਦਾ ਸੰਦੇਸ਼ ਆਮ ਜਨਤਾ ਤੱਕ ਪਹੁੰਚਾਉਣ ਦਾ ਯਤਨ ਕੀਤਾ। ਡਾ. ਬੱਗਾ ਨੇ ਬਿਆਨ ਵਿੱਚ ਦੱਸਿਆ ਕਿ "ਗੰਗਾ ਜਮੁਨਾ – ਹਾਰਮੋਨੀਅਸ ਅਵਾਰਡ" ਨਾਲ ਸਨਮਾਨਿਤ ਹੋਣ ਵਾਲੇ ਦੋਵੇਂ ਸਮਾਜ ਸੇਵਕਾਂ ਨੂੰ ਯਾਦਗਾਰੀ ਚਿੰਨ੍ਹ, ਦੁਸ਼ਾਲਾ ਅਤੇ 21-21 ਹਜ਼ਾਰ ਰੁਪਏ ਦੀ ਰਾਸ਼ੀ ਸਮਾਜਿਕ ਗਤੀਵਿਧੀਆਂ 'ਤੇ ਖਰਚ ਕਰਨ ਲਈ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਅਵਾਰਡ ਸਮਾਜਵਾਦੀ ਆਗੂਆਂ ਚੌਧਰੀ ਬਲਬੀਰ ਸਿੰਘ ਸਾਬਕਾ ਮੈਂਬਰ ਲੋਕ ਸਭਾ, ਅਤੇ ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ ਸਾਬਕਾ ਵਿਧਾਇਕ ਦੀ ਯਾਦ ਵਿੱਚ ਪ੍ਰਦਾਨ ਕੀਤਾ ਗਿਆ। ਜਿਕਰਯੋਗ ਹੈ ਕਿ ਦੋਵੇਂ ਹੀ ਆਗੂ ਕੌਮੀ ਏਕਤਾ, ਧਰਮ ਨਿਰਪੱਖਤਾ ਅਤੇ ਆਪਸੀ ਭਾਈਚਾਰੇ ਲਈ ਜੀਵਨ ਭਰ ਕਾਰਜਸ਼ੀਲ ਰਹੇ। ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ ਦਾ ਦਿਹਾਂਤ 02 ਜੂਨ 1984 ਨੂੰ ਅਤੇ ਚੌਧਰੀ ਬਲਬੀਰ ਸਿੰਘ ਦਾ ਦਿਹਾਂਤ 10 ਮਈ 1985 ਨੂੰ ਹੋਇਆ। ਇਸ ਮੌਕੇ ਉਨ੍ਹਾਂ 16 ਵਿਦਿਆਰਥੀਆਂ ਨੂੰ 1-1 ਹਜ਼ਾਰ ਰੁਪਏ ਦੀ ਸਕਾਲਰਸ਼ਿਪ ਦਿੱਤੀ ਗਈ, ਜੋ ਸਵੇਰੇ ਘਰ-ਘਰ ਅਖ਼ਬਾਰ ਵੰਡਣ ਦਾ ਕਾਰਜ ਕਰਦਿਆਂ ਦਿਨ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਹ ਸਕਾਲਰਸ਼ਿਪ ਇੱਕ ਸਾਲ ਲਈ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਖਾਣਾ ਬਣਾਉਣ ਵਿੱਚ ਕਾਰਜਸ਼ੀਲ ਉੱਤਮ ਸਵੱਛਤਾ ਅਪਣਾਉਣ ਵਾਲੇ 10 ਕਰਮੀਆਂ ਨੂੰ ਵੀ 1-1 ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ।

**ਫੋਟੋ ਅਜਮੇਰ ਦੀਵਾਨਾ**

# ਸਮਾਜ ਸੇਵੀ ਨਿਤਾਸ਼ਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਨੀਤੀ ਤਲਵਾੜ ਨੇ ਵਾਰਡ ਨੰਬਰ 47 ਦੀ ਮਹਿਲਾ ਪ੍ਰਧਾਨ ਨਿਯੁਕਤ ਕੀਤਾ



**ਹੁਸ਼ਿਆਰਪੁਰ 1 ਮਈ (ਤਰਸੇਮ ਦੀਵਾਨਾ)** – ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਅਤੇ ਹਮੇਸ਼ਾ ਮੋਹਰੀ ਰਹਿਣ ਵਾਲੀ ਸ਼੍ਰੀਮਤੀ ਨਿਤਾਸ਼ਾ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ। ਅਕਾਲੀ ਦਲ ਦੀ ਸੀਨੀਅਰ ਮਹਿਲਾ ਆਗੂ ਨੀਤੀ ਤਲਵਾੜ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਮੌਕੇ 'ਤੇ ਹੀ ਵਾਰਡ ਨੰਬਰ 47 ਦੀ ਮਹਿਲਾ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਬੋਲਦਿਆਂ ਨੀਤੀ ਤਲਵਾੜ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਸਮਾਜ ਵਿੱਚ ਬਦਲਾਅ ਦੀ ਲੋੜ ਪਈ ਹੈ, ਔਰਤਾਂ ਨੇ ਹਮੇਸ਼ਾ ਅੱਗੇ ਵਧ ਕੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਔਰਤਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਅੱਜ ਸੂਬੇ ਦੀਆਂ ਔਰਤਾਂ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਹਨ ਅਤੇ ਇਹੀ ਮਹਿਲਾ ਸ਼ਕਤੀ ਸਾਲ 2027 ਦੀਆਂ ਚੋਣਾਂ ਵਿੱਚ ਵੱਡਾ ਬਦਲਾਅ ਲਿਆਏਗੀ। ਨੀਤੀ ਤਲਵਾੜ ਨੇ ਕਿਹਾ ਕਿ ਨਿਤਾਸ਼ਾ ਵਰਗੀਆਂ ਮਿਹਨਤੀ ਅਤੇ ਸਮਾਜ ਪ੍ਰਤੀ ਸਮਰਪਿਤ ਔਰਤਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 47 ਵਿੱਚ ਹੁਣ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸ਼੍ਰੀਮਤੀ ਨਿਤਾਸ਼ਾ ਨੇ ਨੀਤੀ ਤਲਵਾੜ ਅਤੇ ਪਾਰਟੀ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣਗੇ ਅਤੇ ਜਨਤਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਤੱਤਪਰ ਰਹਿਣਗੇ। ਇਸ ਮੌਕੇ ਸ਼੍ਰੀਮਤੀ ਕ੍ਰਿਸ਼ਨਾ ਥਾਪਰ, ਸੋਨੀਆ ਤਲਵਾੜ, ਆਸਥਾ ਕਪੂਰ, ਸੁਸ਼ਮਾ ਚੱਢਾ, ਪਰਮਜੀਤ ਕੌਰ, ਸੋਨੀਆ, ਰਿੰਪੀ, ਮੀਨਾ,ਆਸ਼ਾ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

for more news visit:
www.samajweekly.com

# ਕਸਬਾ ਬਹਿਰਾਮ ਦੀਆਂ ਸੰਗਤਾਂ ਨੂੰ ਕਰਵਾਈ ਗਈ "ਮੁਫਤ ਤੀਰਥ ਯਾਤਰਾ"

## ਮਹਿੰਦਰ ਪਾਲ ਬਹਿਰਾਮ ਅਤੇ ਪਿੰਡ ਦੇ ਸਰਪੰਚ ਵੱਲੋਂ ਝੰਡੀ ਦੇ ਕੇ ਰਵਾਨਾ ਕੀਤੀ ਬੱਸ ਯਾਤਰਾ

**ਬੰਗਾ (ਚਰਨਜੀਤ ਸੱਲ੍ਹਾ):-** ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ 50 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਲਈ ਏਸੀ ਬੱਸ ਸਫਰ, ਏਸੀ ਰਹਿਣ ਸਹਿਣ ਅਤੇ ਭੋਜਨ ਸਮੇਤ ਮੁਫਤ "ਤੀਰਥ ਯਾਤਰਾ" ਦਾ ਪ੍ਰਬੰਧ ਕੀਤਾ ਗਿਆ ਹੈ। ਕਸਬਾ ਬਹਿਰਾਮ ਤੋਂ ਅੱਜ ਇੱਕ ਬੱਸ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋਈ । ਜਿਸ ਵਿੱਚ ਲੱਗਭੱਗ 50 ਸਾਲ ਤੋਂ ਵੱਧ ਉਮਰ ਦੀਆਂ 52 ਸਵਾਰੀਆਂ ਮੌਜੂਦ ਸਨ। ਇਸ "ਮੁਫਤ ਤੀਰਥ ਯਾਤਰਾ" ਨੂੰ ਹਰੀ ਝੰਡੀ ਸ ਮਹਿੰਦਰ ਪਾਲ ਸਿੰਘ ਬਹਿਰਾਮ ਮੈਂਬਰ ਬਲਾਕ ਸੰਮਤੀ ਅਤੇ ਪਿੰਡ ਦੇ ਸਰਪੰਚ ਮੋਹਣ ਲਾਲ ਵੱਲੋਂ ਸਾਂਝੇ ਤੌਰ ਤੇ ਦੇਕੇ ਰਵਾਨਾ ਕੀਤਾ ਗਿਆ। ਇਸ ਮੌਕੇ ਆਪ ਆਗੂ ਮਹਿੰਦਰ ਪਾਲ ਸਿੰਘ ਬਹਿਰਾਮ ਮੈਂਬਰ ਬਲਾਕ ਸੰਮਤੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਲੋਕਾਂ ਨਾਲ ਚੋਣਾਂ ਦੌਰਾਨ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ। ਇਸ



ਵਾਅਦੇ ਮੁਤਾਬਕ "ਮੁਫ਼ਤ ਤੀਰਥ ਯਾਤਰਾ" ਕਰਵਾਈਆਂ ਜਾ ਰਹੀਆਂ ਹਨ ਤਾਂ ਕਿ 50 ਸਾਲ ਤੋਂ ਉੱਪਰ ਨਾਗਰਿਕ ਇਸ ਯਾਤਰਾ ਦਾ ਲਾਭ ਲੈ ਸਕਣ ਅਤੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ । ਬਹਿਰਾਮ ਵਿਖੇ ਬੱਸ ਨੂੰ ਰਵਾਨਾ ਕਰਨ ਮੌਕੇ ਉਹਨਾਂ ਦੱਸਿਆ ਕਿ ਇਹ ਯਾਤਰਾ ਸਭ ਤੋਂ ਪਹਿਲਾਂ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇਗੀ। ਉਸ ਉਪਰੰਤ ਬਾਘਾ ਬਾਡਰ, ਸ੍ਰੀ ਦੁਰਗਿਆਣਾ ਮੰਦਰ, ਜਿਲ੍ਹਿਆਂ ਵਾਲਾ ਬਾਗ, ਭਗਵਾਨ ਵਾਲਮੀਕਿ ਮੰਦਰ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਉਪਰੰਤ ਤਿੰਨ ਦਿਨਾਂ ਬਾਅਦ ਇਹ ਯਾਤਰਾ ਵਾਪਸ ਬਹਿਰਾਮ ਪਹੁੰਚੇਗੀ। ਉਹਨਾਂ ਕਿਹਾ ਕਿ ਇਸ ਦੌਰਾਨ ਯਾਤਰੀਆਂ ਨੂੰ ਮੁਫਤ ਭੋਜਨ ਅਤੇ ਰਹਿਣ ਸਹਿਣ ਦਾ ਏਸੀ ਬੰਦੋਬਸਤ ਪਾਰਟੀ ਦੇ ਨੁਮਾਇੰਦੇ ਕਰਨਗੇ। ਮੁਫ਼ਤ ਬੱਸ ਯਾਤਰਾ ਦਾ ਲਾਭ ਲੈਣ ਵਾਲੀਆਂ ਸੰਗਤਾਂ ਬਹੁਤ ਉਤਸ਼ਾਹਿਤ ਸਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਆਪ ਆਗੂ ਗੁਰਮੁਖ ਸਿੰਘ ਬਹਿਰਾਮ, ਚਰਨਜੀਤ ਸਿੰਘ ਰੰਧਾਵਾ, ਹਰਭਜਨ ਸਿੰਘ ਸੰਘਾ, ਸੰਦੀਪ ਕੁਮਾਰ, ਹਰਪ੍ਰੀਤ ਸਿੰਘ ਕਾਹਲੋਂ, ਜਗਦੀਸ਼ ਕੁਮਾਰ, ਭਗਤ ਰਾਮ, ਪੰਚ ਬਲਵੀਰ ਰਾਮ, ਪੰਚ ਰਾਮ ਲਾਲ, ਨਿਰਮਲਾ ਦੇਵੀ, ਕਮਲੇਸ਼ ਕੌਰ, ਜਗਦੀਸ਼ ਕੌਰ ਅਤੇ ਮਾ ਜੋਗਿੰਦਰ ਪਾਲ ਆਦਿ ਵੀ ਹਾਜ਼ਰ ਸਨ।

# ਮਜਦੂਰ ਯੂਨੀਅਨ ਵੱਲੋਂ ਸ਼ਹੀਦਾਂ ਨੂੰ ਦਿੱਤੀ ਗਈ ਸ਼ਰਧਾਂਜਲੀ, ਹੱਕਾਂ ਦੀ ਰੱਖਿਆ ਦਾ ਲਿਆ ਗਿਆ ਸੰਕਲਪ

**ਲੁਧਿਆਣਾ 1 ਮਈ (ਕਰਨੈਲ ਸਿੰਘ ਐੱਮ.ਏ.)** ਸੀਟੀਯੂ ਪੰਜਾਬ ਦੇ ਬੈਨਰ ਹੇਠ ਲਾਲ ਝੰਡਾ ਬਜਾਜ ਸੰਨਜ਼ ਮਜਦੂਰ ਯੂਨੀਅਨ ਵੱਲੋਂ ਅੰਤਰਰਾਸ਼ਟਰੀ ਮਈ ਦਿਵਸ ਸ਼ਰਧਾ ਅਤੇ ਜੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਸ਼ਿਕਾਗੋ ਦੇ ਮਹਾਨ ਸ਼ਹੀਦੀ ਯੋਧਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਮਨ ਕੀਤਾ ਗਿਆ, ਜਿਨ੍ਹਾਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਦੁਨੀਆਂ ਭਰ ਦੀ ਮਜ਼ਦੂਰ ਜਮਾਤ ਨੂੰ 8 ਘੰਟੇ ਕੰਮ ਕਰਨ ਦਾ ਅਧਿਕਾਰ ਦਿਵਾਇਆ। ਸਮਾਗਮ ਦੌਰਾਨ ਬਜਾਜ ਸੰਨਜ਼ ਫੈਕਟਰੀ ਦੇ ਮੁੱਖ ਗੇਟ ਅੱਗੇ ਲਾਲ ਝੰਡਾ ਲਹਿਰਾਇਆ ਗਿਆ ਅਤੇ ਮਜ਼ਦੂਰ ਏਕਤਾ ਦੇ ਨਾਅਰਿਆਂ ਨਾਲ ਮਾਹੌਲ ਗੂੰਜ ਉੱਠਿਆ। ਇਸ ਮੌਕੇ ਸੀਟੀਯੂ ਪੰਜਾਬ ਦੇ ਸੀਨੀਅਰ ਆਗੂ ਮੰਗਤ ਰਾਮ ਪਾਸਲਾ, ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਕਾ. ਜਗਦੀਸ਼ ਚੰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਈ ਦਿਵਸ ਸਿਰਫ਼ ਇੱਕ ਦਿਹਾੜਾ ਨਹੀਂ, ਸਗੋਂ ਮਜ਼ਦੂਰ ਵਰਗ ਦੀ ਲੰਮੀ ਲੜਾਈ, ਏਕਤਾ ਅਤੇ ਬਲਿਦਾਨਾਂ ਦਾ ਪ੍ਰਤੀਕ ਹੈ।



**ਕਿਰਤੀ ਕਾਮਿਆਂ ਨਾਲ ਕਾ.ਮੰਗਤ ਰਾਮ ਪਾਸਲਾ, ਕਾ.ਜਗਦੀਸ਼ ਚੰਦ, ਕਾ.ਪਰਮਜੀਤ ਸਿੰਘ ਤੇ ਹੋਰ।**

ਉਨ੍ਹਾਂ ਕਿਹਾ ਕਿ ਸ਼ਿਕਾਗੋ ਦੇ ਸ਼ਹੀਦਾਂ ਦੀ ਬਦੌਲਤ ਹੀ ਅੱਜ ਮਜ਼ਦੂਰਾਂ ਨੂੰ 8 ਘੰਟੇ ਕੰਮ, 8 ਘੰਟੇ ਆਰਾਮ ਅਤੇ 8 ਘੰਟੇ ਆਪਣੇ ਪਰਿਵਾਰ ਲਈ ਸਮਾਂ ਮਿਲਣ ਦਾ ਅਧਿਕਾਰ ਪ੍ਰਾਪਤ ਹੋਇਆ। ਪਰ ਅੱਜ ਵੀ ਮਜ਼ਦੂਰਾਂ ਦੇ ਹੱਕਾਂ ਉੱਤੇ ਹਮਲੇ ਜਾਰੀ ਹਨ ਅਤੇ ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਮਜ਼ਦੂਰ ਜਮਾਤ ਦੇ ਵੱਡੇ ਸੰਘਰਸ਼ਾਂ ਨਾਲ ਮਿਲੇ ਅਧਿਕਾਰਾਂ ਨੂੰ ਖੋਹਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਲੇਬਰ ਕਾਨੂੰਨਾਂ ਵਿੱਚ ਤਬਦੀਲੀਆਂ ਕਰਕੇ ਮਜ਼ਦੂਰਾਂ ਦੀ ਨੌਕਰੀ, ਤਨਖਾਹ, ਸਮਾਜਿਕ ਸੁਰੱਖਿਆ ਅਤੇ ਯੂਨੀਅਨ ਬਣਾਉਣ ਦੇ ਅਧਿਕਾਰਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਆਪਣੇ ਹੱਕਾਂ ਦੀ ਰੱਖਿਆ ਲਈ ਇਕੱਠੇ ਹੋਣ ਅਤੇ ਜਥੇਬੰਦੀ ਤਾਕਤ ਨੂੰ ਮਜ਼ਬੂਤ ਕਰਨ। ਉਨ੍ਹਾਂ ਕਿਹਾ ਕਿ ਮਜ਼ਦੂਰ ਜਮਾਤ ਦੀ ਏਕਤਾ ਹੀ ਹਰ ਜ਼ੁਲਮ ਦਾ ਜਵਾਬ ਹੈ ਅਤੇ ਸੰਘਰਸ਼ਾਂ ਰਾਹੀਂ ਹੀ ਆਪਣੇ ਹੱਕ ਬਚਾਏ ਜਾ ਸਕਦੇ ਹਨ। ਇਸ ਮੌਕੇ ਬਲਰਾਮ ਸਿੰਘ, ਕਾ. ਪਰਮਜੀਤ ਸਿੰਘ, ਸੁਦੇਸ਼ਵਰ ਤਿਵਾੜੀ, ਰਾਮ ਧਨੀ, ਤਹਿਸੀਲਦਾਰ, ਸੁਨੀਲ ਗਿਰੀ, ਫੂਲ ਬਦਨ ਅਤੇ ਮੁਕੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਕਿਰਤੀ ਕਾਮੇ ਹਾਜ਼ਰ ਸਨ।

# ਜਲੰਧਰ ਮਹਿਤਪੁਰ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਹੈਰੋਇਨ ਸਮੇਤ ਕੀਤਾ ਗਿਆ ਗ੍ਰਿਫਤਾਰ

**ਮਹਿਤਪੁਰ,01 ਮਈ (ਚੰਦੀ)–** ਹਰਵਿੰਦਰ ਸਿੰਘ ਵਿਰਕ,ਪੀ.ਪੀ.ਐਸ,ਮਾਨਯੋਗ ਸੀਨੀਅਰ ਪੁਲਿਸ ਕਪਤਾਨ ਜਲੰਧਰ ਦਿਹਾਤੀ, ਸ਼੍ਰੀ ਵਨੀਤ ਅਹਲਾਵਤ ਆਈ ਪੀ ਐਸ, ਪੁਲਿਸ ਕਪਤਾਨ (ਤਫਤੀਸ਼) ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ਼੍ਰੀ ਸਰਵਣ ਸਿੰਘ ਬੱਲ, ਪੀ.ਪੀ.ਐਸ, ਉਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਅਤੇ ਐਸ.ਆਈ ਲਾਭ ਸਿੰਘ ਮੁੱਖ ਅਫਸਰ ਥਾਣਾ ਮਹਿਤਪੁਰ ਦੀ ਅਗਵਾਈ ਹੇਠ ਇੱਕ ਵਿਅਕਤੀ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਸਫਲਤਾ ਹਾਸਲ ਕੀਤੀ ਹੈ।ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ਼੍ਰੀ ਸਰਵਣ ਸਿੰਘ ਬੱਲ ਉਪ ਪੁਲਿਸ ਕਪਤਾਨ ਸਬ ਡਵੀਜਨ


**ਮਾਣਯੋਗ ਡੀਐਸਪੀ ਸ਼ਾਹਕੋਟ ਜਾਣਕਾਰੀ ਦਿੰਦੇ ਹੋਏ।**

ਸ਼ਾਹਕੋਟ ਜੀ ਨੇ ਦੱਸਿਆ ਕਿ ਸਾਹਿਲਪ੍ਰੀਤ ਸਿੰਘ ਉਰਫ ਰਾਹੁਲ ਪੁੱਤਰ ਪਾਲ ਸਿੰਘ ਵਾਸੀ ਅਮੀਰਸ਼ਾਹ ਵਾਲਾ ਥਾਣਾ ਮੱਖੂ ਜਿਲ੍ਹਾ ਫਿਰੋਜਪੁਰ ਨੂੰ ਸ਼ਮਸ਼ਾਨਘਾਟ ਸੰਗੋਵਾਲ ਤੋ ਕਾਬੂ ਕਰਕੇ ਉਸ ਪਾਸੋ 82 ਗ੍ਰਾਮ ਹੈਰੋਇਨ,01 ਮੋਟਰ ਸਾਇਕਲ ਮਾਰਕਾ ਹੀਰੋ ਸਪਲੈਂਡਰ ਨੰਬਰੀ ਪੀਬੀ47-ਐਫ-4528, 01 ਇਲੈਕਟ੍ਰੋਨਿਕ ਕੰਡਾ, 2500 ਰੁਪਏ ਡਰੱਗ ਮਨੀ ਬ੍ਰਾਮਦ ਕਰਕੇ ਮੁਕੱਦਮਾ ਦਰਜ਼ ਕਰਕੇ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਦੋਸ਼ੀ ਥਾਣਾ ਸਿਟੀ ਹਿਸਾਰ ਹਰਿਆਣਾ ਦਰਜ ਮਾਮਲੇ ਵਿਚ ਭਗੋੜਾ ਹੈ।

# ਦੇਸ਼ ਦੇ ਕਿਸੇ ਸਿੱਖਿਆ ਸੰਸਥਾਨ ਵਿੱਚ ਲੜਕੀ ਪੜ੍ਹੇਗੀ ਤਾਂ ਉਸਦਾ ਖਰਚਾ ਹਰਿਆਣਾ ਸਰਕਾਰ ਦੇਵੇਗੀ :ਮੱਖ ਮੰਤਰੀ ਨਾਇਬ ਸਿੰਘ ਹਰਿਆਣਾ

## ਸਵਾਮੀ ਗੰਗਾ ਨੰਦ ਜੀ ਦੇ 109 ਵੇਂ ਅਵਤਾਰ ਦਿਵਸ ਮੌਕੇ ਦਿੱਤੀ ਸੰਗਤਾਂ ਨੂੰ ਮੁਬਾਰਕਬਾਦ











**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਸੱਤਲੋਕ ਧਾਮ ਭੂਰੀ ਵਾਲੇ ਰੱਤੇਵਾਲ ਜੱਟ ਮਾਜਰੀ ਵਿੱਚ ਸਵਾਮੀ ਗੰਗਾ ਨੰਦ ਜੀ ਮਹਾਰਾਜ ਜੀ ਦੇ 109 ਵੇਂ ਅਵਤਾਰ ਦਿਵਸ ਸਬੰਧੀ ਚੱਲ ਰਹੇ ਲਗਾਤਾਰ ਸਮਾਗਮਾਂ ਦੇ ਅੰਤਿਮ ਦਿਨ ਅੱਜ ਹਰਿਆਣਾ ਸਰਕਾਰ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪਹੁੰਚੇ ਉਨ੍ਹਾਂ ਦੇ ਨਾਲ ਪੰਜਾਬ ਭਾਜਪਾ ਦੇ ਉਪ ਪ੍ਰਧਾਨ ਸ਼ੁਭਾਸ਼ ਸ਼ਰਮਾ ਅਤੇ ਸਾਬਕਾ ਸਾਂਸਦ ਅਵਿਨਾਸ਼ ਰਾਏ ਖੰਨਾ ਅਤੇ ਭਾਜਪਾ ਮਹਿਲਾਂ ਮੋਰਚਾ ਪੰਜਾਬ ਦੀ ਆਗੂ ਸ਼੍ਰੀਮਤੀ ਵਰਿੰਦਰ ਕੌਰ ਥਾਦੀਂ ਨੇ ਵੀ ਸ਼ਿਰਕਤ ਕੀਤੀ ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਭੂਰੀ ਵਾਲੇ ਸੰਸਥਾ ਦਾ ਵਿਸ਼ੇਸ਼ ਯੋਗਦਾਨ ਦੇਖਿਆ ਜਾ ਰਿਹਾਂ ਉਨ੍ਹਾਂ ਨੇ ਸਿੱਖਿਆ ਸੰਸਥਾਨਾਂ ਪਰ ਲੜਕੀਆਂ ਦੇ ਵਿਸ਼ੇਸ਼ ਯੋਗਦਾਨ ਦੀ ਸਰਾਹਨਾ ਕੀਤੀ ਉਨ੍ਹਾਂ ਕਿਹਾ ਹਰਿਆਣਾ ਸਰਕਾਰ ਨੇ ਵੀ ਪਿਛਲੇ ਬਜਟ ਵਿੱਚ ਇਹ ਪਾਸ ਕੀਤਾ ਸੀ ਲੜਕੀ ਦੇਸ਼ ਕਿਸੇ ਵੀ ਸਿੱਖਿਆ ਸੰਸਥਾਨ ਵਿੱਚ ਪੜ੍ਹਾਈ ਕਰੇ ਉਸ ਦਾ ਖਰਚਾ ਹਰਿਆਣਾ ਸਰਕਾਰ ਹੀ ਦੇਵੇਗੀ ਉਨ੍ਹਾਂ ਕਿਹਾ ਕਿ ਜਿਸ ਦੇਸ਼ ਦੀ ਨਾਰੀ ਪੜ੍ਹੀ ਲਿਖੀ ਹੋਵੇਗੀ ਉਸ ਦੇਸ਼ ਨੂੰ ਤਰੱਕੀ ਕਰਨ ਤੋਂ ਕੋਈ ਵੀ ਨਹੀਂ ਰੋਕ ਸਕਦਾ ਉਨ੍ਹਾਂ ਕਿਹਾ ਅੱਜ ਸਵਾਮੀ ਗੰਗਾ ਨੰਦ ਜੀ ਦੇ 109 ਵੇਂ ਅਵਤਾਰ ਦਿਵਸ ਦੀ ਲੋਕਾਂ ਨੂੰ ਮੁਬਾਰਕਾਂ ਹੋਵੇ ਉਨ੍ਹਾਂ ਕਿਹਾ ਉਨ੍ਹਾਂ ਵਲੋਂ ਦਰਸਾਏ ਮਾਰਗ ਤੇ ਚੱਲ ਕਿ ਸਾਨੂੰ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਭਾਜਪਾ ਪੰਜਾਬ ਦੇ ਉੱਪ ਪ੍ਰਧਾਨ ਸ਼ੁਭਾਸ਼ ਸ਼ਰਮਾ ਸਾਬਕਾ ਸਾਂਸਦ ਅਵਿਨਾਸ਼ ਰਾਏ ਖੰਨਾ, ਭਾਜਪਾ ਹਲਕਾ ਇੰਚਾਰਜ ਅਸ਼ੋਕ ਬਾਂਠ ਰੱਤੇਵਾਲ ਨੇ ਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ ਇਸ ਮੌਕੇ ਭਾਜਪਾ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ, ਭਾਜਪਾ ੳ ਬੀ ਸੀ ਸੈੱਲ ਵਿਜੇ ਭਾਟੀਆ ਸੰਡਰੇਵਾਲ, ਸੰਦੀਪ ਭਾਟੀਆ (ਸੋਨੂੰ) ਆਦੋਆਣਾ, ਸੁਰਜੀਤ ਭਾਟੀਆ, ਸ਼ੁਭਾਸ਼ ਬਾਂਠ, ਅਮਿਤ ਕੁਮਾਰ ਸੇਠੀ ਸਰਪੰਚ ਥੋਪੀਆ, ਸ਼ੰਕਰ ਦਾਸ ਜੰਡੀ, ਗੁਰਨਾਮ ਕਸਾਨਾਂ, ਦੁਰਗੇਸ਼ ਜੰਡੀ, ਕਮਲਦੀਪ ਸ਼ਰਮਾ, ਸਮੇਤ ਹੋਰ ਵੀ ਕਈ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ।

# ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਵੱਲੋਂ ਮੋਰਿੰਡਾ ਵਿਖੇ ਵਿਸ਼ਾਲ ਚੇਤਨਾ ਮਾਰਚ ਕੱਢਿਆ

**ਮੋਰਿੰਡਾ, 1 ਮਈ (ਸੁਖਵਿੰਦਰ ਸਿੰਘ ਹੈਪੀ)**–ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਪੰਜਾਬ ਵਲੋਂ ਸ਼ਿਕਾਗੋ ਦੇ ਸ਼ਹੀਦਾਂ ਅਤੇ ਡਾ ਭੀਮ ਰਾਓ ਅੰਬੇਦਕਰ ਜੀ ਦੀ ਯਾਦ ਚ ਮੋਰਿੰਡਾ ਵਿਖੇ ਵਿਸ਼ਾਲ ਚੇਤਨਾ ਮਾਰਚ ਕੀਤਾ ਗਿਆ। ਇਸ ਚੇਤਨਾ ਮਾਰਚ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ, ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ, ਐਸ ਸੀ,ਬੀ ਸੀ ਅਧਿਆਪਕ ਯੂਨੀਅਨ , ਡੈਮੋਕ੍ਰੇਟਿਕ ਟੀਚਰ ਯੂਨੀਅਨ , ਟੈਕਨੀਕਲ ਸਰਵਿਸਿਜ਼ ਯੂਨੀਅਨ ਸੀਟੂ, ਮਕੈਨੀਕਲ ਸਰਵਿਸ ਯੂਨੀਅਨ, ਰਾਮਦਾਸੀਆ ਵੈਲਫੇਅਰ ਸੁਸਾਇਟੀ, ਵਾਲਮੀਕਿ ਸਭਾ ਮੋਰਿੰਡਾ, ਸਮੇਤ ਹੋਰ ਸਮਾਜਿਕ ਜਥੇਬੰਦੀਆਂ ਦੇ ਵਰਕਰ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਸ੍ਰਪਰਸਤ ਹਰਮਿੰਦਰ ਸਿੰਘ ਲੱਕੀ ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਦੁਮਣਾ ਨੇ ਦੱਸਿਆ ਕਿ ਇਸ ਮਾਰਚ ਦੀ ਅਗਵਾਈ ਸੰਘਰਸ਼ ਕਮੇਟੀ ਦੇ ਕਨਵੀਨਰ ਕਰਨੈਲ ਸਿੰਘ ਜੀਤ, ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਸਹਿ ਕਨਵੀਨਰ ਮੋਹਨ ਲਾਲ ਕਾਲਾ ਸਾਬਕਾ ਕੌਂਸਲਰ, ਕੁਲਵੀਰ ਸਿੰਘ ਸ੍ਰਪਰਸਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ, ਐਡਵੋਕੇਟ ਪਰਮਿੰਦਰ ਸਿੰਘ ਤੂਰ ਅਤੇ ਗੁਰਦਰਸ਼ਨ ਸਿੰਘ ਢੋਲਣ ਮਾਜਰਾ ਨੇ ਕੀਤੀ। ਉਹਨਾਂ ਦੱਸਿਆ ਕਿ ਇਹ ਚੇਤਨਾ ਮਾਰਚ ਅਰੰਭ ਕਰਨ ਤੋਂ ਪਹਿਲਾਂ ਡਾ ਭੀਮ ਰਾਓ ਅੰਬੇਦਕਰ ਕਮਿਊਨਟੀ ਹਾਲ ਵਿੱਖੇ ਵਿਸ਼ਾਲ ਰੈਲੀ ਕੀਤੀ ਗਈ ਜਿਸ ਨੂੰ ਉਪਰੋਕਤ ਆਗੂਆਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਪਹੁੰਚੇ ਲਖਵੀਰ ਸਿੰਘ



ਬਡਾਲਾ, ਕ੍ਰਿਪਾਲ ਸਿੰਘ ਮੁੰਡੀ ਖਰੜ ਐਸ ਸੀ ਬੀ ਸੀ ਟੀਚਰ ਯੂਨੀਅਨ ਦੇ ਆਗੂ ਸੁਸੀਲ ਕੁਮਾਰ ਕਾਈਨੌਰ, ਡੈਮੋਕ੍ਰੇਟਿਕ ਟੀਚਰ ਯੂਨੀਅਨ ਫਰੰਟ ਦੇ ਜ਼ਿਲ੍ਹਾ ਜਨਰਲ ਸਕੱਤਰ ਜਤਿੰਦਰ ਸਿੰਘ ਜੀਤ, ਕੈਪਟਨ ਕਰਮਜੀਤ ਸਿੰਘ ਬਡਵਾਲੀ, ਕਾਮਰੇਡ ਕਾਕਾ ਰਾਮ, ਸਤਵਿੰਦਰ ਸਿੰਘ ਸੱਤੀ , ਸੰਤੋਸ਼ ਕੁਮਾਰ ਆਗੂ ਭੀਮ ਆਰਮੀ, ਅਵਤਾਰ ਸਿੰਘ ਰੰਗਰਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਹ ਡਾ ਭੀਮ ਰਾਓ ਅੰਬੇਦਕਰ ਹਾਲ ਤੋਂ ਅਰੰਭ ਹੋ ਕੇ ਵੱਖ ਵੱਖ ਮੁਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਿਸ਼ਵਕਰਮਾ ਚੌਕ ਵਿਖੇ ਸਮਾਪਤ ਹੋਇਆ। ਇਸ ਮੌਕੇ ਸਮੂਹ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੀਆਂ ਮਜ਼ਦੂਰ , ਮੁਲਾਜ਼ਮ,ਦਲਿਤ ਅਤੇ ਪਛੜੇ ਵਰਗਾਂ ਵਿਰੋਧੀ ਨੀਤੀਆਂ ਦੀ ਕਰੜੀ ਅਲੋਚਨਾਂ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਵਲੋਂ ਨਿਆਂ ਪਾਲਿਕਾ ਰਾਹੀਂ ਸੰਵਿਧਾਨ ਨਾਲ ਛੇੜ ਛਾੜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਨੂੰ ਐਸ ਸੀ,ਬੀ ਸੀ ਲੋਕ ਬਰਦਾਸ਼ਤ ਨਹੀਂ ਕਰਨਗੇ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜ਼ੋ ਨਿਜੀ ਸਕੂਲ ਰਾਈਟ ਐਜੂਕੇਸ਼ਨ ਐਕਟ ਲਾਗੂ ਨਹੀਂ ਕਰ ਰਹੇ ਉਹਨਾਂ ਦੇ ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਕਰਕੇ ਉਸਦੀ ਮਾਨਤਾ ਰੱਦ ਕੀਤੀ ਜਾਵੇ ਅਤੇ ਕੋਰਟ ਦੇ ਹੁਕਮਾਂ ਮੁਤਾਬਕ ਜੁਰਮਾਨਾ ਕੀਤਾ ਜਾਵੇ। ਉਹਨਾਂ ਨਿਜੀ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸੁਚੇਤ ਕੀਤਾ ਕਿ ਜੇਕਰ ਉਹ ਪੰਜਾਬ ਸਰਕਾਰ ਅਤੇ ਮਾਨਯੋਗ ਪੰਜਾਬ, ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਨਹੀਂ ਮੰਨਣਗੇ ਤਾਂ ਪੰਜਾਬ ਦੇ ਲੋਕ ਨਿਜੀ ਸਕੂਲਾਂ ਨੂੰ ਬੰਦ ਕਰਨ ਦੀ ਮੁਹਿੰਮ ਸ਼ੁਰੂ ਕਰਨਗੇ । ਇਸ ਸਮੇਂ ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਠੇਕੇਦਾਰੀ ਸਿਸਟਮ ਬੰਦ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਡੀ ਸੀ ਰੇਟ ਮੁਤਾਬਕ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ ਦਿਲਬਾਗ ਸਿੰਘ, ਬਲਾਕ ਸੰਮਤੀ ਮੈਂਬਰ ਜਸਮੇਰ ਸਿੰਘ ਮੂੰਡੀਆਂ, ਸਾਬਕਾ ਬਲਾਕ ਸੰਮਤੀ ਮੈਂਬਰ ਦਵਿੰਦਰ ਸਿੰਘ ਮਾਛੀਪੁਰ ਥੇੜੀ, ਤੇਜਿੰਦਰ ਸਿੰਘ ਸੋਨੂੰ ਅਤੇ ਹਰਕੀਰਤ ਸਿੰਘ ਮੜੌਲੀ ਕਲਾਂ ਬਲਾਕ ਸੰਮਤੀ ਮੈਂਬਰ,ਨਰਾਤਾ ਸਿੰਘ ਸਰਪੰਚ, ਜਸਵੀਰ ਸਿੰਘ ਸਰਪੰਚ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਥਾਣੇਦਾਰ ਰੇਸ਼ਮ ਸਿੰਘ, ਸੂਬੇਦਾਰ ਦਰਸ਼ਨ ਸਿੰਘ, ਜਸਵਿੰਦਰ ਸਿੰਘ, ਜਸਪਾਲ ਸਿੰਘ, ਗੁਰਮੁੱਖ ਸਿੰਘ ਸੰਤ ਨਗਰ, ਗੁਰਮੀਤ ਸਿੰਘ ਕਾਂਝਲਾ , ਪਰਮਜੀਤ ਸਿੰਘ, ਬਰਿੰਦਰ ਸਿੰਘ ਕਾਈਨੌਰ ਐਮ ਐਸ ਯੂ, ਬਲਜਿੰਦਰ ਸਿੰਘ ਟੀ ਐਸ ਯੂ, ਸਮਰਪਾਲ ਰੌਮੀ ਦੁਮਣਾ,ਮਾ ਸਰਬਜੀਤ ਸਿੰਘ,ਮਾਂ ਅਮਰਜੀਤ ਸਿੰਘ, ਹੈਡਮਾਸਟਰ ਗੁਰਦੇਵ ਸਿੰਘ, ਮੇਜ਼ਰ ਸਿੰਘ,ਓਮ ਪ੍ਰਕਾਸ਼, ਜਗਤਾਰ ਸਿੰਘ ਘੋਲਾ ਆਦਿ ਵੱਖ ਵੱਖ ਸਮਾਜਿਕ ਅਤੇ ਮਜ਼ਦੂਰ, ਮੁਲ-ਾਜ਼ਮ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਐਮ. ਬੀ. ਬੀ. ਜੀ. ਜੀ. ਜੀ ਗਰਲਜ਼ ਕਾਲਜ ਰੱਤੇਵਾਲ ਦਾ ਬੀਏ ਤੀਜੇ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਨਵਾਂਸ਼ਹਿਰ /ਕਾਠਗੜ੍ਹ, 1 ਮਈ (ਜਤਿੰਦਰਪਾਲ ਸਿੰਘ ਕਲੇਰ )** ਐਮਬੀਬੀਜੀਜੀਜੀ ਗਰਲਜ਼ ਕਾਲਜ ਰੱਤੇਵਾਲ ਦਾ ਬੀਏ ਤੀਜੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੀ ਪ੍ਰਿੰਸੀਪਲ ਡਾ. ਸਤਵੰਤ ਕੌਰ ਨੇ ਦੱਸਿਆ ਕਿ ਵਿਦਿਆਰਥਣ ਗੁਰਪ੍ਰੀਤ ਕੌਰ ਨੇ 84% ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਜਦਕਿ ਵਿਦਿਆਰਥਣ ਅਨਮੋਲ ਨੇ 79 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਅਤੇ ਮਹਿਕ ਨੇ 76 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ 'ਤੇ ਕਾਲਜ ਕਮੇਟੀ ਦੇ ਪ੍ਰਧਾਨ ਸੁਭਾਸ਼ ਬਾਂਠ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਜਿੱਥੇ ਕਾਲਜ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਗਈ ਹੈ ਉੱਥੇ ਹੀ ਪ੍ਰਿੰਸੀਪਲ ਡਾ. ਸਤਵੰਤ ਕੌਰ ਵੱਲੋਂ ਵੀ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਨਤੀਜੇ ਦੀ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।







**ਐਮਬੀਬੀਜੀ ਕਾਲਜ ਰੱਤੇਵਾਲ ਦੀਆਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਈਆਂ ਵਿਦਿਆਰਥਣਾਂ ਦੀਆਂ ਤਸਵੀਰਾਂ**

# ਖੈਰ ਚੋਰੀ ਦਾ ਸਿਲਸਿਲਾ ਲਗਾਤਾਰ ਜਾਰੀ ਜੰਗਲਾਤ ਵਿਭਾਗ ਸੁੱਤਾ ਪਿਆ ਕੁੰਭ ਕਰਨੀ ਨੀਂਦ

**ਨਵਾਂਸ਼ਹਿਰ /ਕਾਠਗੜ੍ਹ, 1 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਦੇ ਨਜਦੀਕ ਪੈਂਦੇ ਪਿੰਡ ਮਾਜਰਾ ਜੱਟਾਂ ਤੇ ਰਾਏਪੁਰ ਦੇ ਜੰਗਲਾਤ ਵਿਭਾਗ ਦੇ ਰਕਬੇ ਵਿੱਚੋਂ ਬੀਤੀ ਰਾਤ ਵੱਡੀ ਮਾਤਰਾ ਵਿੱਚ ਖੈਰ ਦੀ ਲੱਕੜ ਦੀ ਚੋਰੀ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ ਕਥਿਤ ਜਾਣਕਾਰੀ ਅਨੁਸਾਰ ਪਿੰਡ ਮਾਜਰਾ ਜੱਟਾਂ ਅਤੇ ਰਾਏ-ਪੁਰ ਦੇ ਜੰਗਲਾਤ ਵਿਭਾਗ ਦੇ ਰਕਬੇ ਵਿੱਚੋਂ ਬੀਤੀ ਰਾਤ ਖੜੇ ਖੈਰ ਦੇ ਦਰਖਤਾਂ ਵਿੱਚੋਂ ਦਰਜਨ ਦੇ ਕਰੀਬ ਵੱਡੇ ਦਰਖਤਾਂ ਨੂੰ ਮੁੱਢ ਤੋਂ ਚੋਰਾਂ ਦੁਆਰਾ ਕੱਟ ਕੇ ਚੋਰੀ ਕੀਤਾ ਗਿਆ ਹੈ। ਚੋਰਾਂ ਵੱਲੋਂ ਵੱਲੋਂ ਬਹੁਤ ਤੇਜ਼ ਸਪੀਡ ਨਾਲ ਦਰਖਤਾਂ ਨੂੰ ਕੱਟ ਕੇ ਲਿਜਾਇਆ ਗਿਆ ਹੈ ਜਦਕਿ ਉਹਨਾਂ ਦੀਆਂ ਬਰੀਕ ਟਹਿਣੀਆਂ ਉੱਥੇ ਹੀ ਪਈਆਂ ਹਨ। ਸੂਤਰਾਂ ਮੁਤਾਬਕ ਇਸ ਰਕਬੇ ਵਿੱਚੋਂ ਖੈਰ ਚੋਰੀ ਦੀ ਇਹ ਲਗਾਤਾਰ ਤੀਜੀ ਵਾਰਦਾਤ ਹੈ ਪ੍ਰੰਤੂ ਅਜੇ ਤੱਕ ਵਿਭਾਗ ਵੱਲੋਂ ਕੋਈ ਵੀ ਖੈਰ ਚੋਰ ਵਿਭਾਗ ਦੀ ਪਕੜ ਵਿੱਚ ਨਹੀਂ ਆਇਆ। ਜੰਗਲਾਤ ਵਿਭਾਗ ਦਾ ਉਕਤ ਰਕਬਾ ਵਿਭਾਗ ਦੇ ਦਫਤਰ



ਫਤਿਹਪੁਰ ਤੋਂ ਕਿਲੋ ਕੁ ਮੀਟਰ ਦੀ ਦੂਰੀ 'ਤੇ ਹੀ ਹੈ ਪ੍ਰੰਤੂ ਫਿਰ ਵੀ ਚੋਰਾਂ ਵੱਲੋਂ ਖੈਰ ਦੇ ਦਰਖਤਾਂ ਨੂੰ ਕੱਟ ਕੱਟ ਕੇ ਲਿਜਾਇਆ ਜਾ ਰਿਹਾ ਹੈ। ਜੰਗਲਾਤ ਵਿਭਾਗ ਵੱਲੋਂ ਭਾਵੇਂ ਰਕਬੇ ਵਿੱਚ ਖੈਰ ਦੇ ਦਰਖਤਾਂ ਦੀ ਰਾਖੀ ਲਈ ਝੁੱਗੀਆਂ ਬਣਾਈਆਂ ਗਈਆਂ ਹਨ ਪਰੰਤੂ ਇਹਨਾਂ ਝੁੱਗੀਆਂ ਵਿੱਚ ਰਾਤ ਤਾਂ ਦੂਰ ਦਿਨ ਸਮੇਂ ਵੀ ਕੋਈ ਰਖਵਾਲੀ ਕਰਦਾ ਨਹੀਂ ਦੇਖਿਆ ਗਿਆ ਜੇਕਰ ਵਿਭਾਗ ਵੱਲੋਂ ਆਪਣੀ ਡਿਊਟੀ ਨੂੰ ਬਖੂਬੀ ਨਿਭਾਉਂਦੇ ਹੋਏ ਖੈਰ ਦੇ ਕੀਮਤੀ ਦਰਖਤਾਂ ਦੀ ਰਾਖੀ ਕੀਤੀ ਹੁੰਦੀ ਤਾਂ ਸ਼ਾਇਦ ਦਰਖਤਾਂ ਦੀ ਚੋਰੀ



ਨਾ ਹੁੰਦੀ।

**ਵਿਭਾਗ ਵੱਲੋਂ ਚੋਰਾਂ ਨੂੰ ਕਾਬੂ ਕਰਨ ਲਈ ਕੀਤੀ ਜਾ ਰਹੀ ਹੈ ਕਾਰਵਾਈ– ਡੀਐਫਓ**

ਪਿੰਡ ਮਾਜਰਾ ਜੱਟਾਂ ਤੇ ਰਾਜਪੁਰ ਦੇ ਜੰਗਲ ਵਿੱਚੋਂ ਚੋਰੀ ਕੀਤੀ ਗਈ ਖੈਰ ਦੇ ਦਰਖਤਾਂ ਸਬੰਧੀ ਜਦੋਂ ਜੰਗਲਾਤ ਵਿਭਾਗ ਗੜਸ਼ੰਕਰ ਦਫਤਰ ਦੇ ਡੀਐਫਓ ਹਰਭਜਨ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਖੈਰ ਚੋਰੀ ਦੀ ਜਿਹੜੀ ਵਾਰਦਾਤ ਹਫਤਾ ਤੋਂ ਪਹਿਲਾਂ ਹੋਈ ਹੈ ਉਸ ਸਬੰਧੀ ਐਫਆਈਆਰ ਦਰਜ ਹੋ ਚੁੱਕੀ ਹੈ ਤੇ ਚੋਰਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜੋ ਦਰਖਤ ਹੁਣ ਚੋਰੀ ਕੀਤੇ ਗਏ ਹਨ ਹੁਣ ਉਸ ਸਬੰਧੀ ਵੀ ਵਿਭਾਗ ਗੰਭੀਰਤਾ ਨਾਲ ਐਕਸ਼ਨ ਵਿੱਚ ਹੈ ਅਤੇ ਖੈਰ ਚੋਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਮਗਰਮੱਛ ਦੇ ਹੰਝੂ

ਅੱਜ ਏ.ਸੀ ਕਮਰਿਆਂ ਵਿੱਚ ਬਹਿ ਕੇ ,
ਗੱਲ ਕੀਤੀ ਜਾਊ ਮਜ਼ਦੂਰਾਂ ਦੀ ।
ਐਪਰ ਅਮਲਾਂ ਵਿੱਚ ਕਿਸੇ ਆਗੂ ਨੇ ,
ਪੁੱਛਣੀ ਨਾ ਜਾਤ ਮਜ਼ਬੂਰਾਂ ਦੀ ।
ਅਸੀਂ ਇੰਜ ਕੀਤਾ ਅਸੀਂ ਇੰਜ ਕਰਾਂਗੇ ,
ਦਾਅਵੇ ਤੇ ਵਾਅਦੇ ਕਰੇ ਜਾਣੇਂ ;
ਚੰਗੀ ਰੁਲਦੂ ਤੋਂ ਪਰ ਜੂਨ ਜਾਪਦੀ ,
ਕਿਸੇ ਪਿੱਗ ਫਾਰਮ ਦੇ ਸੂਰਾਂ ਦੀ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

# 1 ਮਈ - ਛੁੱਟੀ ਕਿਸਦੀ?

ਚੜ੍ਹਿਆ ਰਹਿੰਦਾ ਪਾਰਾ,
ਸਦਾ ਗਰੂਰਾਂ ਦਾ।
ਸਰਕਾਰੀ ਛੁੱਟੀ 1 ਮਈ ਨੂੰ,
ਬਹਾਨਾ ਹੈ ਮਜ਼ਦੂਰਾਂ ਦਾ।
ਏ.ਸੀ. ਵਾਲੇ ਬਾਬੂ ਸੌਂਦੇ,
ਮਜ਼ਦੂਰ ਕੰਮ 'ਤੇ ਜਾਂਦਾ।
ਜਿਸ ਦੇ ਨਾਂ 'ਤੇ ਛੁੱਟੀ ਐ,
ਉਹਦੀ ਦਿਹਾੜੀ ਜਾਂਦਾ।
ਲਾਲ ਝੰਡੇ ਲੈ ਕੇ ਤੁਰਦੇ,
ਵੱਡੀਆਂ-ਵੱਡੀਆਂ ਗੱਡੀਆਂ।
ਭਾਸ਼ਣ ਦੇ ਕੇ ਮੁੜਦੇ ਘਰਾਂ ਨੂੰ,
ਮਜ਼ਦੂਰ ਦੀਆਂ ਕੱਢੀਆਂ ਹੱਡੀਆਂ।
ਟਾਈ ਵਾਲੇ ਲੀਡਰ ਬੋਲਣ,
ਮੰਚਾਂ ਉੱਤੇ ਚੜ੍ਹ ਕੇ।
ਮਜ਼ਦੂਰ ਵਿਚਾਰਾ ਰੋਟੀ ਖਾਤਰ,
ਭੱਠੇ 'ਤੇ ਇੱਟਾਂ ਢੋਂਦਾ ਮਰ ਕੇ।
ਕਹਿੰਦਾ ਗੁਰਮੀਤ ਡੁਮਾਣਾ,
ਇਹ ਕੈਸਾ ਇਨਸਾਫ਼ ਆ।
ਮਜ਼ਦੂਰ ਦਿਵਸ ਮਨਾਉਂਦਾ ਕੌਣ?
ਮਜ਼ਦੂਰ ਤਾਂ ਭੁੱਖਾ ਸਾਫ਼ ਆ।__



ਗੁਰਮੀਤ ਡੁਮਾਣਾ

# ਗਰੀਬ ਮਜ਼ਦੂਰ

ਲੂਣ ਤੇਲ ਖੰਡ ਅਤੇ ਘਿਓ ਨਾਲ ਘੁਲਦਿਆਂ ਹੀ,
ਲੰਘ ਜਾਂਦੀ ਹੈ ਗਰੀਬ ਮਜ਼ਦੂਰ ਦੀ ਜਵਾਨੀ।
ਇਸੇ ਰੌਲੇ 'ਚ ਵਿਆਹ ਯੋਗ ਹੋ ਜਾਂਦੇ ਨੇ ਬੱਚੇ,
ਤੇ ਉਮਰੋਂ ਪਹਿਲਾਂ ਬੁੱਢੀ ਹੋ ਜਾਂਦੀ ਏ ਜ਼ਨਾਨੀ।

ਬਿਹਤਰ ਭਵਿੱਖ ਦੀ ਆਸ 'ਚ ਸੁੱਖਾਂ ਸੁੱਖਦਾ,
ਫਸ ਜਾਂਦਾ ਹੈ ਧਰਮ ਦੇ ਠੇਕੇਦਾਰਾਂ ਦੇ ਜਾਲ 'ਚ।
ਉਹ ਵਿਹਲੜ ਇਹਦੇ ਸਿਰ 'ਤੇ ਮੌਜਾਂ ਮਾਣਦੇ ਨੇ,
ਰਸ 'ਚੋਂ ਕਸ ਕੱਢਦੇ ਨੇ ਫਸਾ ਕੇ ਆਪਣੀ ਚਾਲ 'ਚ।

ਆਖਰ ਥੱਕ ਹਾਰ ਕੇ ਮਜਬੂਰ ਲਾਚਾਰ ਹੋ ਕੇ,
ਯਾਰੀ ਪਾ ਲੈਂਦਾ ਹੈ 'ਦਾਰੂ' ਦੇ ਪਊਏ ਦੇ ਨਾਲ।
ਤੇ ਇਹ ਆੜੀ ਪਊਏ ਤੋਂ ਅਧੀਏ ਫਿਰ ਬੋਤਲ 'ਚ,
ਬਦਲ ਜਾਂਦੀ ਹੈ ਬੀਤਣ ਦੇ ਨਾਲ ਉਮਰ ਤੇ ਸਾਲ।

ਬੱਸ ਇੱਕ ਅਕਲ ਹੁੰਦੀ ਹੈ ਉਸ ਕੋਲ ਆਪਣੀ,
ਜਿਸਨੂੰ ਸਰਕਾਰਾਂ ਫ੍ਰੀ ਦੇ ਚਾਟੇ ਲਾ ਲੈਂਦੀਆਂ ਨੇ।
ਜੋ ਦਿੰਦੀਆਂ ਨੇ ਉਸਨੂੰ ਉਸਦੀ ਮੱਤ ਖਰੀਦ ਕੇ,
ਸਮਾਂ ਆਣ ਤੇ ਉਸਦੇ ਬੋਝਿਓਂ ਕਢਾ ਲੈਂਦੀਆਂ ਨੇ।

ਕੁਝ ਤਾਂ ਮਜਬੂਰ ਹੁੰਦਾ ਹੈ ਸਿਸਟਮ ਤੇ ਹਾਲਤ ਤੋਂ,
ਕੁਝ ਆਪਣੇ ਹੱਥੀਂ ਘਰ ਤਬਾਹ ਕਰ ਬਹਿੰਦਾ ਹੈ।
'ਗੁਰਜਿੰਦਰ' ਮੁਫ਼ਤ ਤਾਂ ਜ਼ਹਿਰ ਨਾ ਦਿੰਦਾ ਕੋਈ,
ਇੱਕ ਹੱਥ ਨਾਲ ਦੇਵੇ ਜੇ ਦੂਜੇ ਹੱਥ ਲੈ ਲੈਂਦਾ ਏ।



ਗੁਰਜਿੰਦਰ ਸਿੰਘ ਸਾਹਦੜਾ

# ਮਸ਼ਹੂਰ

ਜਿੰਨਾ ਉਹ ਮਸ਼ਹੂਰ ਹੋ ਗਿਐ।
ਓਨਾ ਈ ਸਾਥੋਂ ਦੂਰ ਹੋ ਗਿਐ।
ਸਿੱਧੇ ਮੂੰਹ ਉਹ ਗੱਲ ਨੀ ਕਰਦਾ।
ਬਹੁਤਾ ਹੀ ਮਗਰੂਰ ਹੋ ਗਿਐ।
ਹੋਵੇ ਆਲ਼ੇ- ਦੁਆਲ਼ੇ ਜੀ- ਹਜ਼ੂਰੀ,
ਖ਼ੁਦ ਵੀ ਖ਼ੁਦੀ ਤੋਂ ਦੂਰ ਹੋ ਗਿਐ।
ਨੀਅਤ ਤੋਂ ਹੋ ਗਿਆ ਏ ਹਲਕਾ,
ਉਂਝ ਪੈਸੇ ਪੱਖੋਂ ਭਰਪੂਰ ਹੋ ਗਿਐ।
ਹੁਣ ਉਹ ਬੰਦੇ ਨੂੰ, ਬੰਦਾਂ ਨਾ ਸਮਝੇ,
ਤਾਹੀਓ ਤਾਂ ਸਾਥੋਂ ਘੂਰ ਹੋ ਗਿਐ।
ਬੜੀ ਲੰਬੀ ਦੌੜ ਲਗਾ ਲਈ ਉਸਨੇ,
'ਦੀਪ',ਥੱਕ ਕੇ ਚਕਨਾਚੂਰ ਹੋ ਗਿਐ।



ਸੰਦੀਪ 'ਦੀਪ' ਦੰਦਰਾਲਾ ਖਰੌਡ।

# ਪੰਜਾਬੀ ਗ਼ਜ਼ਲ

ਇੰਝ ਦਾ ਮੁਖ਼ਲਿਸ ਯਾਰ ਹੋਵੇ,
ਸੱਚਾ ਕੌਲ-ਇਕ਼ਰਾਰ ਹੋਵੇ।

ਦੁੱਖ-ਸੁੱਖ ਸਾਡੇ ਸਾਂਝੇ ਹੋਣ,
ਮਤਲਬੀ ਨਾ ਦਿਲਦਾਰ ਹੋਵੇ।

ਸ਼ੀਸ਼ੇ ਵਾਂਗ ਸੁਚੱਜੇ ਮਨ,
ਮੋਤੀਆਂ ਦਾ ਜਿਉਂ ਹਾਰ ਹੋਵੇ।

ਕ਼ਹਿਰ ਢਾਹੇ ਉਹ ਜੋਬਨ ਦਾ,
ਜਿਸਰਾਂ ਰੁੱਤ ਬਹਾਰ ਹੋਵੇ।

ਤੱਕ-ਤੱਕ ਯਾਰ ਨੂੰ ਰੱਜਾਂ ਨਾ,
ਭਾਵੇਂ ਨਿੱਤ ਦੀਦਾਰ ਹੋਵੇ।

ਕੱਚੇ 'ਤੇ ਵੀ ਤਰ ਜਾਂਦੀ ਉਹ,
ਜਿਹਨੂੰ ਸੱਚਾ ਪਿਆਰ ਹੋਵੇ।

ਕੰਡ 'ਤੇ ਬਾਪੂ ਹੋਵੇ ਜੇ,
ਰਾਜ਼ ਭਲਾ ਕਿਉਂ ਹਾਰ ਹੋਵੇ।



ਮੁਸਤਫ਼ਾ ਰਾਜ਼, ਸਾਹੀਵਾਲ ਪੰਜਾਬ ਪਾਕਿਸਤਾਨ
+923016937817




# ਕੈਂਟਲ ਸਕੂਲ ਦੇ ਮੈਟ੍ਰਿਕ ਨਤੀਜੇ ਰਹੇ ਬੇਮਿਸਾਲ, ਸਿੱਖਿਆ ਖੇਤਰ ਵਿੱਚ ਬਣਾਇਆ ਵੱਖਰਾ ਸਥਾਨ

**ਅਰਿਸ਼ਠਾ, ਜੈਸਮੀਤ, ਪ੍ਰਨਵੀ ਗੁਪਤਾ ਅਤੇ ਖੁਸ਼ਦੀਪ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ**



**ਪਟਿਆਲਾ।** ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਉਤਕ੍ਰਿਸ਼ਟਤਾ ਦੀ ਨਵੀਂ ਇਬਾਰਤ ਲਿਖਦਿਆਂ ਕੈਂਟਲ ਸਕੂਲ ਨੇ ਇੱਕ ਵਾਰ ਫਿਰ ਆਈਸੀਐਸਈ ਦਸਵੀਂ ਬੋਰਡ ਪ੍ਰੀਖਿਆ 2025-26 ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਕੇ ਆਪਣੀ ਗੁਣਵੱਤਾ-ਪੂਰਨ ਸਿੱਖਿਆ ਪ੍ਰਣਾਲੀ ਦਾ ਲੋਹਾ ਮਨਵਾਇਆ ਹੈ। ਸਕੂਲ ਦੇ ਵਿਦਿਆਰਥੀਆਂ ਨੇ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਨਾ ਸਿਰਫ਼ ਆਪਣੇ ਵਿਦਿਆਲੇ ਦਾ ਨਾਮ ਰੌਸ਼ਨ ਕੀਤਾ, ਸਗੋਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਮਾਣ ਵੀ ਵਧਾਇਆ ਹੈ। ਇਸ ਪ੍ਰੀਖਿਆ ਵਿੱਚ ਅਰਿਸ਼ਠਾ ਨੇ 98.20 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਜੈਸਮੀਤ ਕੌਰ ਨੇ 97.80 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਪ੍ਰਨਵੀ ਗੁਪਤਾ ਅਤੇ ਖੁਸ਼ਦੀਪ ਸਿੰਘ ਨੇ 97.00 ਫੀਸਦੀ ਅੰਕ ਹਾਸਲ ਕਰਕੇ ਸਾਂਝੇ ਤੌਰ ‘ਤੇ ਤੀਜਾ ਸਥਾਨ ਆਪਣੇ ਨਾਮ ਕੀਤਾ। ਵਿਦਿਆਰਥੀਆਂ ਦੀ ਇਹ ਕਾਮਯਾਬੀ ਉਨ੍ਹਾਂ ਦੀ ਸਖ਼ਤ ਮਿਹਨਤ, ਅਨੁਸ਼ਾਸਨ, ਸਮਰਪਣ ਅਤੇ ਨਿਰੰਤਰ ਅਭਿਆਸ ਦਾ ਨਤੀਜਾ ਹੈ। ਸਕੂਲ ਦਾ ਸਮੁੱਚਾ ਨਤੀਜਾ ਵੀ ਬੇਹੱਦ ਪ੍ਰੇਰਣਾਦਾਇਕ ਰਿਹਾ। ਕੁੱਲ ਵਿਦਿਆਰਥੀਆਂ ਵਿੱਚੋਂ 40.9 ਫੀਸਦੀ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ, ਜਦਕਿ 53 ਫੀਸਦੀ ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਅਕਾਦਮਿਕ ਉਤਕ੍ਰਿਸ਼ਟਤਾ ਦੀ ਮਿਸਾਲ ਕਾਇਮ ਕੀਤੀ।

ਸਕੂਲ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਵਿਰਕ ਨੇ ਇਸ ਸ਼ਾਨਦਾਰ ਸਫਲਤਾ ‘ਤੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਅਥਕ ਮਿਹਨਤ, ਮਾਪਿਆਂ ਦੇ ਭਰਪੂਰ ਸਹਿਯੋਗ ਅਤੇ ਸਕੂਲ ਪ੍ਰਬੰਧਨ ਦੇ ਪ੍ਰਭਾਵਸ਼ਾਲੀ ਮਾਰਗਦਰਸ਼ਨ ਦਾ ਸਾਂਝਾ ਨਤੀਜਾ ਹੈ। ਇਸ ਪ੍ਰਾਪਤੀ ਨਾਲ ਪੂਰੇ ਸਕੂਲ ਵਿੱਚ ਖੁਸ਼ੀ, ਮਾਣ ਅਤੇ ਉਤਸ਼ਾਹ ਦਾ ਮਾਹੌਲ ਹੈ।

# ਚੰਡੀਗੜ੍ਹ-ਪੰਜਾਬ ਯੂਨੀਅਨ ਆਫ ਜਰਨਲਿਸਟਸ ਨੇ ਮਈ ਦਿਵਸ 'ਤੇ ਮਨੁੱਖੀ ਲੜੀ ਬਣਾਈ

**ਚੰਡੀਗੜ੍ਹ, 1 ਮਈ (ਸੁਖਵਿੰਦਰ ਸਿੰਘ ਹੈਪੀ)**-ਚੰਡੀਗੜ੍ਹ ਪੰਜਾਬ ਯੂਨੀਅਨ ਆਫ ਜਰਨਲਿਸਟਸ (ਸੀਪੀਯੂਜੇ) ਨੇ ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਲਈ ਚੰਡੀਗੜ੍ਹ ਦੇ ਸੈਕਟਰ 17 ਸਥਿਤ ਸਿਟੀ ਸੈਂਟਰ ਵਿਖੇ ਇੱਕ ਮਨੁੱਖੀ ਲੜੀ ਰੈਲੀ ਦਾ ਆਯੋਜਨ ਕੀਤਾ। ਵੱਖ-ਵੱਖ ਅਖ਼ਬਾਰਾਂ ਅਤੇ ਮੀਡੀਆ ਸੰਗਠਨਾਂ ਦੀ ਨੁਮਾਇੰਦਗੀ ਕਰਨ ਵਾਲੇ ਯੂਨੀਅਨ ਮੈਂਬਰਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਇਸ ਰੈਲੀ ਦਾ ਉਦੇਸ਼ ਕੰਮ ਕਰਨ ਵਾਲੇ ਪੱਤਰਕਾਰਾਂ ਦੀਆਂ ਚਿੰਤਾਵਾਂ ਨੂੰ ਉਜਾਗਰ ਕਰਨਾ ਅਤੇ ਪ੍ਰੈਸ ਦੀ ਆਜ਼ਾਦੀ ਅਤੇ ਕਿਰਤ ਅਧਿਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਣਾ ਸੀ।



ਸੀਪੀਯੂਜੇ ਦੇ ਪ੍ਰਧਾਨ ਅਤੇ ਭਾਰਤੀ ਪੱਤਰਕਾਰ ਯੂਨੀਅਨ (ਆਈਜੇਯੂ) ਦੇ ਜਨਰਲ ਸਕੱਤਰ ਵਿਨੋਦ ਕੋਹਲੀ ਨੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਪੱਤਰਕਾਰਾਂ ਦੇ ਅਧਿਕਾਰਾਂ ਦੀ ਰੱਖਿਆ, ਉਚਿਤ ਉਜਰਤਾਂ, ਨੌਕਰੀ ਸੁਰੱਖਿਆ ਅਤੇ ਸੁਰੱਖਿਅਤ ਕੰਮ ਕਰਨ ਵਾਲੇ ਵਾਤਾਵਰਣ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇੱਕ ਲੋਕਤੰਤਰੀ ਸਮਾਜ ਵਿੱਚ ਮੀਡੀਆ ਦੀ ਮਹੱਤਵਪੂਰਨ ਭੂਮਿਕਾ 'ਤੇ ਵੀ ਜ਼ੋਰ ਦਿੱਤਾ ਅਤੇ ਉੱਭਰ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੱਤਰਕਾਰਾਂ ਵਿੱਚ ਏਕਤਾ ਦਾ ਸੱਦਾ ਦਿੱਤਾ। ਇਸ ਸਮਾਗਮ ਦੇ ਹਿੱਸੇ ਵਜੋਂ, ਭਾਗੀਦਾਰਾਂ ਨੇ ਹੱਥ ਫੜੇ ਅਤੇ ਇੱਕ ਮਨੁੱਖੀ ਲੜੀ ਬਣਾਈ, ਜੋ ਮੀਡੀਆ ਭਾਈਚਾਰੇ ਦੀ ਏਕਤਾ ਅਤੇ ਸਮੂਹਿਕ ਤਾਕਤ ਦਾ ਪ੍ਰਤੀਕ ਹੈ।

ਮਈ ਦਿਵਸ ਵੱਖ-ਵੱਖ ਖੇਤਰਾਂ ਵਿੱਚ ਮਜ਼ਦੂਰਾਂ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਪੱਤਰਕਾਰਾਂ ਦੀ ਭਲਾਈ ਅਤੇ ਮਾਣ-ਸਨਮਾਨ ਲਈ ਆਵਾਜ਼ ਬੁਲੰਦ ਕਰਦੇ ਰਹਿਣ ਦੀ ਆਪਣੀ ਵਚਨਬੱਧਤਾ ਦੁਹਰਾਈ। ਸ਼੍ਰੀ ਕੋਹਲੀ ਨੇ ਮੰਗ ਕੀਤੀ ਕਿ ਪ੍ਰੈਸ ਕੌਂਸਲ ਦਾ ਨਾਮ ਬਦਲ ਕੇ 'ਮੀਡੀਆ ਕੌਂਸਲ' ਰੱਖਿਆ ਜਾਵੇ ਅਤੇ ਇਲੈਕਟ੍ਰਾਨਿਕ ਮੀਡੀਆ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਇਲੈਕਟ੍ਰਾਨਿਕ ਮੀਡੀਆ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਨੇ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੰਡੀਗੜ੍ਹ ਅਤੇ ਪੰਜਾਬ ਵਿੱਚ ਮੀਡੀਆ ਮਾਨਤਾ ਕਮੇਟੀ ਦੇ ਤੁਰੰਤ ਪੁਨਰਗਠਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਇਸ ਤੋਂ ਪਹਿਲਾਂ, ਉਨ੍ਹਾਂ ਮੰਗ ਕੀਤੀ ਸੀ ਕਿ ਚੰਡੀਗੜ੍ਹ ਪ੍ਰਸ਼ਾਸਨ ਡੈਸਕ ਪੱਤਰਕਾਰਾਂ ਸਮੇਤ ਸਾਰੇ ਪੱਤਰਕਾਰਾਂ ਲਈ ਪੈਨਸ਼ਨ ਸਕੀਮ ਸ਼ੁਰੂ ਕਰੇ। ਰੈਲੀ ਸ਼ਾਂਤੀਪੂਰਵਕ ਏਕਤਾ ਅਤੇ ਏਕਤਾ ਦੇ ਮਜ਼ਬੂਤ ਸੰਦੇਸ਼ ਨਾਲ ਸਮਾਪਤ ਹੋਈ।

# ਮਜ਼ਦੂਰ ਦਿਵਸ ‘ਤੇ ਗੂੰਜੀ ਵੱਡੀ ਆਵਾਜ਼ ਵਿਧਾਇਕ ਡਾ. ਨਛੱਤਰ ਪਾਲ ਨੇ ਮਜ਼ਦੂਰਾਂ ਦੇ ਹੱਕਾਂ ਲਈ ਕੀਤੀ ਤਿੱਖੀ ਮੰਗ

## “ ਹੱਕ ਨਹੀਂ ਮਿਲੇ ਤਾਂ ਸੰਘਰਸ਼ ਹੋਵੇਗਾ ਹੋਰ ਤੇਜ਼, ਮਜ਼ਦੂਰਾਂ ਲਈ ਪੱਕੀਆਂ ਨੀਤੀਆਂ ਬਣਾਉਣ ਦੀ ਲੋੜ”

**ਨਵਾਂਸ਼ਹਿਰ 1 ਮਈ ( ਚਰਨਜੀਤ ਸੱਲ੍ਹਾ )** — ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ’ਤੇ ਪੰਜਾਬ ਵਿਧਾਨ ਸਭਾ ਵਿੱਚ ਵਿਧਾਇਕ ਡਾ. ਨਛੱਤਰ ਪਾਲ ਨੇ ਡਿਪਟੀ ਸਪੀਕਰ ਦਾ ਧੰਨਵਾਦ ਕਰਦਿਆ ਕਿਹਾ ਕਿ ਤੁਸੀ ਮੈਨੂੰ ਪੰਜਾਬ ਵਿਧਾਨ ਸਭਾ ਵਿੱਚ ਲੇਬਰ ਡੇ ਵਾਲੇ ਦਿਨ ਮਜ਼ਦੂਰਾਂ ਦੇ ਹੱਕਾਂ ਵਿੱਚ ਬੋਲਣ ਦਾ ਮੋਕਾ ਦਿੱਤਾ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨਛੱਤਰ ਪਾਲ ਨੇ ਮਜ਼ਦੂਰ ਵਰਗ ਦੀਆਂ ਸਮੱਸਿਆਵਾਂ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮਜ਼ਦੂਰ ਸਾਡੇ ਸਮਾਜ ਦੀ ਨੀਂਹ ਹਨ। ਉਹਨਾਂ ਦੀ ਮਿਹਨਤ ਨਾਲ ਹੀ ਦੇਸ਼ ਦੀ ਤਰੱਕੀ ਅਤੇ ਵਿਕਾਸ ਸੰਭਵ ਹੁੰਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਅੱਜ ਵੀ ਮਜ਼ਦੂਰ ਆਪਣੇ ਬੁਨਿਆਦੀ ਹੱਕਾਂ ਤੋਂ ਵਾਂਝੇ ਹਨ। ਉਨ੍ਹਾਂ ਕਿਹਾ ਕਿ ਕਈ ਥਾਵਾਂ ’ਤੇ ਮਜ਼ਦੂਰਾਂ ਨੂੰ ਨਾ ਤਾਂ ਸਮੇਂ ਸਿਰ ਮਜ਼ਦੂਰੀ ਮਿਲਦੀ ਹੈ ਅਤੇ ਨਾ ਹੀ ਉਹਨਾਂ ਨੂੰ ਸੁਰੱਖਿਅਤ ਕੰਮਕਾਜ ਮਾਹੌਲ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ, ਸਮਾਜ ਵਿੱਚ ਉਹਨਾਂ ਨਾਲ ਹੋਣ ਵਾਲਾ ਵਤੀਰਾ ਵੀ ਕਈ ਵਾਰ ਇੱਜ਼ਤ ਭਰਿਆ ਨਹੀਂ ਹੁੰਦਾ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

“ ਮਜ਼ਦੂਰਾਂ ਨੂੰ ਹੱਕ ਦੇਣਾ ਸਰਕਾਰ ਦੀ ਜ਼ਿੰਮੇਵਾਰੀ”

ਵਿਧਾਇਕ ਡਾਂ ਨਛੱਤਰ ਪਾਲ ਨੇ ਸਪੱਸ਼ਟ ਕੀਤਾ ਕਿ ਮਜ਼ਦੂਰਾਂ ਨੂੰ ਉਹਨਾਂ ਦੀ ਇਮਾਨਦਾਰ ਮਿਹਨਤ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਸਮੇਂ ਸਿਰ ਤਨਖ਼ਾਹ, ਸੁਰੱਖਿਅਤ



ਕੰਮਕਾਜ ਅਤੇ ਸਨਮਾਨ ਭਰਿਆ ਵਤੀਰਾ ਹਰ ਮਜ਼ਦੂਰ ਦਾ ਅਧਿਕਾਰ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ, “ਇਹ ਕਿਸੇ ਉਪ-ਕਾਰ ਦੀ ਗੱਲ ਨਹੀਂ, ਸਗੋਂ ਹਰ ਮਜ਼ਦੂਰ ਦਾ ਜਨਮਸਿੱਧ ਹੱਕ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਹੱਕ ਯਕੀਨੀ ਬਣਾਏ।”

**ਸਰਕਾਰ ਨੂੰ ਚੇਤਾਵਨੀ — ਸੰਘਰਸ਼ ਹੋ ਸਕਦਾ ਹੈ ਤੇਜ਼**

ਡਾ. ਨਛੱਤਰ ਪਾਲ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਮਜ਼ਦੂਰਾਂ ਦੇ ਹੱਕਾਂ ਨੂੰ ਅਣਦੇਖਿਆ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਵੱਡੇ ਪੱਧਰ ’ਤੇ ਸੰਘਰਸ਼ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਮਜ਼ਦੂਰ ਵਰਗ ਹੁਣ ਆਪਣੇ ਹੱਕਾਂ ਲਈ ਜਾਗਰੂਕ ਹੋ ਰਿਹਾ ਹੈ ਅਤੇ ਜੇ ਲੋੜ ਪਈ ਤਾਂ ਉਹ ਆਪਣੀ ਆਵਾਜ਼ ਹੋਰ ਉੱਚੀ ਕਰੇਗਾ।

**ਪੱਕੀਆਂ ਨੀਤੀਆਂ ਦੀ ਲੋੜ**

ਵਿਧਾਇਕ ਨੇ ਮੰਗ ਕੀਤੀ ਕਿ ਮਜ਼ਦੂਰਾਂ ਦੀ ਭਲਾਈ ਲਈ ਲੰਬੇ ਸਮੇਂ ਦੀਆਂ ਪੱਕੀਆਂ ਅਤੇ ਪ੍ਰਭਾਵਸ਼ਾਲੀ ਨੀਤੀਆਂ ਬਣਾਈਆਂ ਜਾਣ। ਉਹਨਾਂ ਨੇ ਕਿਹਾ ਕਿ ਸਿਰਫ਼ ਵਾਅਦਿਆਂ ਨਾਲ ਕੰਮ ਨਹੀਂ ਚੱਲੇਗਾ, ਜ਼ਮੀਨੀ ਪੱਧਰ ’ਤੇ ਬਦਲਾਅ ਲਿਆਉਣਾ ਲਾਜ਼ਮੀ ਹੈ।

**ਮਜ਼ਦੂਰ ਦਿਵਸ ਦਾ ਸੰਦੇਸ਼**

ਮਜ਼ਦੂਰ ਦਿਵਸ ਮੌਕੇ ਉਨ੍ਹਾਂ ਨੇ ਸਭ ਨੂੰ ਸੰਦੇਸ਼ ਦਿੱਤਾ ਕਿ ਮਜ਼ਦੂਰਾਂ ਦੀ ਕਦਰ ਕਰਨੀ ਅਤੇ ਉਹਨਾਂ ਨੂੰ ਪੂਰਾ ਸਨਮਾਨ ਦੇਣਾ ਹੀ ਅਸਲ ਤਰੱਕੀ ਦੀ ਨਿਸ਼ਾਨੀ ਹੈ।ਮਜ਼ਦੂਰਾਂ ਦੇ ਹੱਕਾਂ ਨੂੰ ਲੈ ਕੇ ਉੱਠੀ ਇਹ ਆਵਾਜ਼ ਸਿਰਫ਼ ਇਕ ਬਿਆਨ ਨਹੀਂ, ਸਗੋਂ ਇੱਕ ਵੱਡੇ ਬਦਲਾਅ ਦੀ ਮੰਗ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਸਰਕਾਰ ਇਸ ਮਸਲੇ ’ਤੇ ਕਿੰਨੀ ਜਲਦੀ ਅਤੇ ਕਿੰਨੀ ਗੰਭੀਰਤਾ ਨਾਲ ਕਦਮ ਚੁੱਕਦੀ ਹੈ।

# ਮਾਨ ਸਰਕਾਰ ਵੱਲੋਂ ਕੀਤੇ ਗਏ ਵੱਡੇ-ਵੱਡੇ ਵਾਅਦੇ ਸਿਰਫ਼ ਕਾਗਜ਼ਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ : ਬੇਗਮਪੁਰਾ ਟਾਈਗਰ ਫੋਰਸ

## ਐਸਸੀ ਸਮਾਜ ਦੇ ਥਾਣਿਆਂ ਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਨਹੀਂ ਹੋ ਰਹੇ ਕੰਮ : ਠਰੋਲੀ,ਜੌਲੀ,ਹੈਪੀ

**ਹੁਸ਼ਿਆਰਪੁਰ 1 ਮਈ ( ਤਰਸੇਮ ਦੀਵਾਨਾ )** - ਬੇਗਮ-ਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੀ ਇੱਕ ਹਗਾਮੀ ਮੀਟਿੰਗ ਪਿੰਡ ਸਤਿਆਲ ਵਿਖੇ ਬੇਗਮ-ਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਯੂਨਾਈਟਡ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਜੌਲੀ ਅਤੇ ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਐਸਸੀ ਸਮਾਜ ਦੀ ਵਿਰੋਧੀ ਰਹੀ ਹੈ।

ਆਗੂਆਂ ਨੇ ਆਮ ਆਦਮੀ ਦੀ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦਿਆਂ ਮਾਨ ਸਰਕਾਰ ਨੂੰ 'ਦਲਿਤ ਵਿਰੋਧੀ' ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਸੂਬੇ ਦੇ ਥਾਣਿਆਂ ਵਿੱਚ ਐਸਸੀ ਸਮਾਜ ਨਾਲ ਸਬੰਧਤ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਆਗੂਆਂ ਨੇ ਦੱਸਿਆ ਕਿ ਜਦੋਂ ਵੀ ਐੱਸ.ਸੀ. ਸਮਾਜ ਦਾ ਕੋਈ ਵਿਅਕਤੀ ਆਪਣੀ ਫਰਿਆਦ ਲੈ ਕੇ ਪੁਲਿਸ ਕੋਲ ਜਾਂਦਾ ਹੈ, ਤਾਂ ਉਸ ਨੂੰ ਇਨਸਾਫ਼ ਦੇਣ ਦੀ ਬਜਾਏ ਟਾਲ-ਮਟੋਲ ਹੀ ਕੀਤਾ ਜਾਂਦਾ ਹੈ ! ਉਹਨਾਂ ਦੋਸ਼ ਲਾਇਆ ਕਿ ਕਈ ਗੰਭੀਰ



ਮਾਮਲਿਆਂ ਵਿੱਚ ਵੀ ਐਸਸੀ ਸਮਾਜ ਦੇ ਲੋਕਾਂ ਦੀ ਐੱਫ.ਆਈ.ਆਰ. ਦਰਜ ਨਹੀਂ ਕੀਤੀ ਜਾਂਦੀ ! ਉਹਨਾਂ ਕਿਹਾ ਕਈ ਪੁਲਿਸ ਪ੍ਰਸ਼ਾਸਨ 'ਤੇ ਕਥਿਤ ਤੌਰ 'ਤੇ ਸੱਤਾਧਾਰੀ ਪਾਰਟੀ ਦਾ ਇੰਨਾ ਦਬਾਅ ਹੈ ਕਿ ਗਰੀਬ ਅਤੇ ਪਿਛੜੇ ਵਰਗ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ! ਉਹਨਾਂ ਕਿਹਾ ਕਿ ਕਈ ਥਾਣਿਆਂ ਵਿੱਚ ਤਾਇਨਾਤ ਕਈ ਅਧਿਕਾਰੀਆਂ ਦਾ ਵਤੀਰਾ ਵੀ ਐਸਸੀ ਸਮਾਜ ਠੀਕ ਨਹੀਂ ਹੁੰਦਾ । ਆਗੂਆਂ ਨੇ ਕਿਹਾ ਕਿ ਚੋਣਾਂ ਵੇਲੇ 'ਬਦਲਾਅ' ਦਾ ਨਾਅਰਾ ਦੇਣ ਵਾਲੀ ਭਗਵੰਤ ਮਾਨ ਸਰਕਾਰ ਅਸਲ ਵਿੱਚ ਐਸਸੀ ਸਮਾਜ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਗਏ ਵੱਡੇ-ਵੱਡੇ ਵਾਅਦੇ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰਹਿ ਗਏ ਹਨ ਅਤੇ ਜ਼ਮੀਨੀ ਪੱਧਰ 'ਤੇ ਐੱਸ.ਸੀ. ਸਮਾਜ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਸਿਰਫ਼ ਇਸ਼ਤਿਹਾਰਾਂ ਦੀ ਸਰਕਾਰ ਹੈ। ਥਾਣਿਆਂ ਵਿੱਚ ਦਲਿਤਾਂ ਨੂੰ ਇਨਸਾਫ਼ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਜੇਕਰ ਮਾਨ ਸਰਕਾਰ ਨੇ ਇਹ ਵਤੀਰਾ ਨਾ ਬਦਲਿਆ ਤਾਂ 2027 ਵਿੱਚ ਆ ਰਹੀਆਂ ਚੌਣਾ ਵਿੱਚ ਮਾਨ ਸਰਕਾਰ ਨੂੰ ਮੂੰਹ ਦੀ ਖਾਣੀ ਪਵੇਗੀ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਥਾਣਿਆਂ ਵਿੱਚ ਐੱਸ.ਸੀ. ਸਮਾਜ ਦੇ ਕੰਮ ਪਹਿਲ ਦੇ ਆਧਾਰ 'ਤੇ ਨਾ ਕੀਤੇ ਗਏ ਅਤੇ ਪੁਲਿਸ ਦਾ ਵਤੀਰਾ ਨਾ ਸੁਧਰਿਆ, ਤਾਂ ਪੂਰੇ ਪੰਜਾਬ ਵਿੱਚ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਕੌਂਡਲ, ਬਿਸ਼ਨ ਪਾਲ ਠਰੋਲੀ, ਮੋਹਿਤ ਬੱਧਣ, ਰੋਹਿਤ ਬੱਧਣ, ਢਿੱਲੋ, ਸੁਰਜੀਤ ਸਿੰਘ ਰਾਠੌਰ, ਪਵਨ ਬੱਬਰ, ਰਾਜੇਸ਼ ਕੰਡਾ, ਆਦਿ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਹਲਕਾ ਇੰਚਾਰਜ ਬਣਦੇ ਹੀ ਤਲਵਾੜ ਨੇ ਦਿਖਾਈ ਸਿਆਸੀ ਤਾਕਤ, ਬਿਜਲੀ ਕਟੌਤੀ ਦੇ ਖਿਲਾਫ ਧਰਨੇ ਨਾਲ ਵਧਿਆ ਕੱਦ

**ਹੁਸ਼ਿਆਰਪੁਰ 1 ਮਈ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਵੱਲੋਂ ਪੂਰੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚ ਬਿਜਲੀ ਦੀਆਂ ਅਣਘੋਸ਼ਿਤ ਕਟੌਤੀਆਂ ਦੇ ਖਿਲਾਫ ਚਲਾਏ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਦੀ ਲੜੀ ਤਹਿਤ ਅੱਜ ਹੁਸ਼ਿਆਰਪੁਰ ਵਿੱਚ ਵੱਡਾ ਸ਼ਕਤੀ ਪ੍ਰਦਰਸ਼ਨ ਵੇਖਣ ਨੂੰ ਮਿਲਿਆ। ਨਵ-ਨਿਯੁਕਤ ਹਲਕਾ ਇੰਚਾਰਜ ਸੰਜੀਵ ਤਲਵਾੜ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਧਰਨੇ ਨੇ ਨਾ ਸਿਰਫ ਸਰਕਾਰ ਨੂੰ ਘੇਰਿਆ, ਸਗੋਂ ਸ਼ਹਿਰ ਦੀ ਰਾਜਨੀਤੀ ਵਿੱਚ ਤਲਵਾੜ ਦੇ ਵੱਧਦੇ ਪ੍ਰਭਾਵ ਨੂੰ ਵੀ ਮਜ਼ਬੂਤੀ ਨਾਲ ਉਜਾਗਰ ਕੀਤਾ।

**ਪਰਿਵਾਰਕ ਸਾਖ ਅਤੇ ਸਮਾਜਿਕ ਸੇਵਾ ਦਾ ਪ੍ਰਭਾਵ**

ਸੰਜੀਵ ਤਲਵਾੜ ਦੀ ਵੱਧਦੀ ਸਿਆਸੀ ਪਕੜ ਦੇ ਪਿੱਛੇ ਉਨ੍ਹਾਂ ਦੇ ਪਰਿਵਾਰ ਦੀ ਸਾਫ-ਸੁਥਰੀ ਛਵੀ ਅਤੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸਮਾਜਿਕ ਸੇਵਾ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਦੀ ਧਰਮਪਤਨੀ, ਜੋ ਭਾਰਤੀ ਜਨਤਾ ਪਾਰਟੀ ਦੇ ਮਹਿਲਾ ਮੋਰਚੇ ਦੀ ਅਗਵਾਈ ਕਰਨ ਵਾਲੀ ਨੇਤਰੀ ਰਹੀ ਹੈ, ਹੁਸ਼ਿਆਰਪੁਰ ਵਿੱਚ ਪ੍ਰੇਰਣਾਦਾਇਕ ਸ਼ਖਸੀਅਤ ਵਜੋਂ ਜਾਣੀ ਜਾਂਦੀ ਹੈ। ਉਹ ਸ਼ਹਿਰ ਦੀ ਪਹਿਲੀ ਅਜਿਹੀ ਪਾਰਸ਼ਦ ਰਹੀ ਹੈ ਜਿਸ ਨੇ ਸਿਰਫ 1 ਰੁਪਇਆ ਤਨਖਾਹ ਲੈ ਕੇ ਜਨਸੇਵਾ ਦੀ ਮਿਸਾਲ ਕਾਇਮ ਕੀਤੀ। ਉਨ੍ਹਾਂ ਦੀ ਸਾਦਗੀ ਅਤੇ ਕਾਰਜਸ਼ੈਲੀ ਕਾਰਨ ਮਹਿਲਾਵਾਂ ਵਿੱਚ ਡੂੰਘਾ ਵਿਸ਼ਵਾਸ ਬਣਿਆ ਹੈ, ਜਿਸ ਦਾ ਸਿੱਧਾ ਲਾਭ ਹੁਣ ਸੰਜੀਵ ਤਲਵਾੜ ਅਤੇ ਅਕਾਲੀ ਦਲ ਨੂੰ ਮਿਲ ਰਿਹਾ ਹੈ।



**ਅਕਾਲੀ ਦਲ ਦੇ ਫੈਸਲੇ ਨਾਲ ਬਦਲੇ ਸਿਆਸੀ ਸਮੀਕਰਨ**

ਹੁਸ਼ਿਆਰਪੁਰ ਵਿੱਚ ਲੰਮੇ ਸਮੇਂ ਤੱਕ ਭਾਰਤੀ ਜਨਤਾ ਪਾਰਟੀ ਦੇ ਪ੍ਰਭਾਵ ਕਾਰਨ ਅਕਾਲੀ ਦਲ ਦਾ ਕੈਡਰ ਕੁਝ ਹੱਦ ਤੱਕ ਨਿਰਾਸ਼ ਸੀ। ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਭਾਜਪਾ ਛੱਡ ਕੇ ਆਏ ਸੰਜੀਵ ਤਲਵਾੜ ਨੂੰ ਹਲਕਾ ਇੰਚਾਰਜ ਬਣਾਉਣ ਦੇ ਫੈਸਲੇ ਨੇ ਪਾਰਟੀ ਵਿੱਚ ਨਵੀਂ ਊਰਜਾ ਭਰ ਦਿੱਤੀ ਹੈ। ਅੱਜ ਦੇ ਵੱਡੇ ਇਕੱਠ ਨੇ ਸਪੱਸ਼ਟ ਕਰ ਦਿੱਤਾ ਕਿ ਇਹ ਫੈਸਲਾ ਰਾਜਨੀਤਿਕ ਤੌਰ ‘ਤੇ ਕਾਫੀ ਪ੍ਰਭਾਵਸ਼ਾਲੀ ਸਾਬਤ ਹੋ ਰਿਹਾ ਹੈ।

**ਨਗਰ ਨਿਗਮ ਚੋਣਾਂ ਤੋਂ ਪਹਿਲਾਂ**



**ਵਿਰੋਧੀ ਪੱਖ ਲਈ ਚੁਣੌਤੀ**

ਹਲਕਾ ਇੰਚਾਰਜ ਬਣਨ ਤੋਂ ਬਾਅਦ ਤਲਵਾੜ ਨੇ ਤੇਜ਼ੀ ਨਾਲ ਪਾਰਟੀ ਕੈਡਰ ਨੂੰ ਇਕਜੁੱਟ ਕਰਨਾ ਸ਼ੁਰੂ ਕੀਤਾ ਹੈ, ਜਿਸ ਨਾਲ ਵਿਰੋਧੀ ਪਾਰਟੀਆਂ ਵਿੱਚ ਚਿੰਤਾ ਵੱਧ ਗਈ ਹੈ। ਨਗਰ ਨਿਗਮ ਚੋਣਾਂ ਤੋਂ ਪਹਿਲਾਂ ਹੀ ਉਨ੍ਹਾਂ ਨੇ ਘਰ-ਘਰ ਤੱਕ ਆਪਣੀ ਪਹੁੰਚ ਬਣਾਈ ਹੈ ਅਤੇ ਅਕਾਲੀ ਦਲ ਨੂੰ ਮੁੜ ਇੱਕ ਮਜ਼ਬੂਤ ਰਾਜਨੀਤਿਕ ਵਿਕਲਪ ਵਜੋਂ ਸਥਾਪਿਤ ਕੀਤਾ ਹੈ।


**ਭਾਜਪਾ ਲਈ ਵੱਡਾ ਝਟਕਾ**

ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ, ਸੰਜੀਵ ਤਲਵਾੜ ਵਰਗੇ ਮਜ਼ਬੂਤ ਜਨਅਧਾਰ ਵਾਲੇ ਨੇਤਾ ਨੂੰ ਗੁਆਉਣਾ ਭਾਜਪਾ ਲਈ ਵੱਡਾ ਨੁਕਸਾਨ ਹੈ। ਖ਼ਾਸ ਕਰਕੇ ਮਹਿਲਾਵਾਂ ਵਿੱਚ ਤਲਵਾੜ ਪਰਿਵਾਰ ਦੀ ਲੋਕਪ੍ਰਿਯਤਾ ਦੇ ਚਲਦੇ ਅਕਾਲੀ ਦਲ ਨੂੰ ਮਹੱਤਵਪੂਰਨ ਫਾਇਦਾ ਮਿਲ ਰਿਹਾ ਹੈ। ਅੱਜ ਦੇ ਧਰਨੇ ਅਤੇ ਲੋਕਾਂ ਦੇ ਭਰਪੂਰ ਸਮਰਥਨ ਨੇ ਇਹ ਸਾਫ ਕਰ ਦਿੱਤਾ ਹੈ ਕਿ ਹੁਸ਼ਿਆਰਪੁਰ ਦੀ ਰਾਜਨੀਤੀ ਵਿੱਚ ਸੰਜੀਵ ਤਲਵਾੜ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਇੱਕ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਤਾਕਤ ਵਜੋਂ ਉਭਰ ਰਿਹਾ ਹੈ।

**ਫੋਟੋ ਅਜਮੇਰ ਦੀਵਾਨਾ**

# ਸਾਲ ਮਗਰੋਂ ਵੀ ਗੁੰਮਸ਼ੁਦਾ ਹੋਏ ਬੱਚਿਆਂ ਦਾ ਸੁਰਾਗ ਨਾ ਮਿਲਣ ਕਾਰਨ ਮਾਮਲਾ ਗੁੰਝਲਦਾਰ ਬਣਿਆ

**ਵੈਨਕੂਵਰ, ਮਈ (ਮਲਕੀਤ ਸਿੰਘ)** - ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਲੈਂਜ਼ਡਾਊਨ ਜੰਗਲੀ ਇਲਾਕੇ ਚੋ ਲਗਭਗ ਇੱਕ ਸਾਲ ਪਹਿਲਾਂ ਗੁੰਮ ਹੋਏ ਛੋਟੀ ਉਮਰ ਦੇ ਭੈਣ-ਭਰਾ ਲਿੱਲੀ ਅਤੇ ਜੈਕ ਸੁਲਿਵਨ ਦੇ ਮਾਮਲੇ ਵਿੱਚ ਅਜੇ ਤੱਕ ਵੀ ਕੋਈ ਪੱਕਾ ਸੁਰਾਗ ਨਹੀਂ ਮਿਲ ਸਕਿਆ। ਪਿਛਲੇ ਸਾਲ 2 ਮਈ ਨੂੰ ਵਾਪਰੀ ਇਸ ਘਟਨਾ ਨੇ ਪੂਰੇ ਦੇਸ਼ ਵਿੱਚ ਚਿੰਤਾ ਅਤੇ ਹੈਰਾਨੀ ਦਾ ਮਾਹੌਲ ਪੈਦਾ ਕਰ ਦਿੱਤਾ ਸੀ, ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਇਹ ਮਾਮਲਾ ਅਜੇ ਵੀ ਚਿੰਤਾਜਨਕ ਅਤੇ ਰਹੱਸਮਈ ਬਣਿਆ ਹੋਇਆ ਹੈ।



ਨੋਵਾ ਸਕੋਸ਼ੀਆ ਤੋਂ ਲਾਪਤਾ ਹੋਏ ਭੈਣ-ਭਰਾ ਲਿੱਲੀ ਅਤੇ ਜੈਕ ਸੁਲਿ-ਵਨ ਦੀ ਫਾਇਲ ਫੋਟੋ।

ਜਾਣਕਾਰੀ ਅਨੁਸਾਰ ਦੋਵੇਂ ਛੋਟੇ ਬੱਚੇ ਅਚਾਨਕ ਲਾਪਤਾ ਹੋ ਗਏ ਸਨ, ਜਿਨ੍ਹਾਂ ਦੀ ਭਾਲ ਲਈ ਪੁਲਿਸ, ਰੈਸਕਿਊ ਟੀਮਾਂ ਅਤੇ ਸੈਂਕੜਿਆਂ ਸੇਵਾਦਾਰਾਂ ਵੱਲੋਂ ਵੱਡੇ ਪੱਧਰ ‘ਤੇ ਖੋਜ ਮੁਹਿੰਮ ਚਲਾਈ ਗਈ ਸੀ। ਖੋਜ ਦੌਰਾਨ ਇੱਕ ਚਿੰਤਾਜਨਕ ਸੁਰਾਗ ਵਜੋਂ ਇਕ ਛੋਟੇ ਬੱਚੇ ਦੇ ਜੁੱਤੇ ਦਾ ਨਿਸ਼ਾਨ ਚਿੱਕੜ ਵਿੱਚੋਂ ਮਿਲਿਆ ਸੀ ਤਫ਼ਤੀਸ਼ੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜੇ ਤੱਕ ਕੋਈ ਢੁਕਵਾਂ ਨਤੀਜਾ ਸਾਹ-ਮਣੇ ਨਹੀਂ ਆ ਸਕਿਆ। ਇਹ ਮਾਮਲਾ ਕੈਨੇਡਾ ਵਿੱਚ ਬੱਚਿਆਂ ਦੇ ਗੁੰਮ ਹੋਣ ਵਾਲਿਆਂ ਵਿੱਚੋਂ ਸਭ ਤੋਂ ਅਜੀਬ ਮਾਮਲਿਆਂ ਵਿੱਚ ਗਿਣਿਆ ਜਾ ਰਿਹਾ ਹੈ। ਇਸ ਮਾਮਲੇ ਨੇ ਨਾ ਸਿਰਫ਼ ਪਰਿਵਾਰ ਨੂੰ ਗਹਿਰੇ ਦੁੱਖ ਵਿੱਚ ਡੁੱਬਾਇਆ ਹੈ, ਸਗੋਂ ਪੂਰੇ ਸਮਾਜ ਨੂੰ ਇਹ ਸੋਚਣ ‘ਤੇ ਮਜਬੂਰ ਕਰ ਦਿੱਤਾ ਹੈ ਕਿ ਆਖ਼ਿਰ ਇਹ ਬੱਚੇ ਕਿੱਥੇ ਅਤੇ ਕਿਵੇਂ ਗਾਇਬ ਹੋ ਗਏ।

# ਹਰਿਆਣਾ ਦੇ ਪ੍ਰਸਿੱਧ ਸਮਾਜਸੇਵੀ ਧਰਮਬੀਰ ਨਾਂਦਲ ਦਾ ਦੇਹਾਂਤ, ਸਮਾਜ ਵਿੱਚ ਡੂੰਘਾ ਖਾਲੀਪਨ

**ਰੋਹਤਕ, ਅਪ੍ਰੈਲ / ਗੁਰਭਿੰਦਰ ਗੁਰੀ**

ਪ੍ਰਖਿਆਤ ਸਮਾਜਸੇਵੀ, ਜਨਚਿੰਤਕ ਅਤੇ ਸਮਾਜਿਕ ਸਰੋਕਾਰਾਂ ਦੇ ਮਜ਼ਬੂਤ ਪਹਰੇਦ-ਾਰ ਧਰਮਬੀਰ ਨਾਂਦਲ ਦਾ 23 ਅਪ੍ਰੈਲ ਨੂੰ 77 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਪਿਛਲੇ ਲਗਭਗ ਦਸ ਸਾਲਾਂ ਤੋਂ ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਜੂਝ ਰਹੇ ਸਨ, ਪਰ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਉਹ ਆਪਣੇ ਸਮਾਜਿਕ ਫਰਜ਼ਾਂ ਨੂੰ ਨਿਭਾਉਂਦੇ ਰਹੇ। ਉਨ੍ਹਾਂ ਦੇ ਦੇਹਾਂਤ ਨਾਲ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਸਮਾਜਿਕ ਜੀਵਨ ਵਿੱਚ ਵੱਡੀ ਖਾਲੀਪਨ ਪੈਦਾ ਹੋ ਗਈ ਹੈ।

ਧਰਮਬੀਰ ਨਾਂਦਲ ਦਾ ਜਨਮ 19 ਦਸੰਬਰ 1948 ਨੂੰ ਰੋਹਤਕ ਜ਼ਿਲ੍ਹੇ ਦੇ ਪਿੰਡ ਬੋਹਰ ਵਿੱਚ ਇਕ ਸਮੱਥ ਅਤੇ ਮਾਣਯੋਗ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸ਼੍ਰੀ ਦੀਵਾਨ ਸਿੰਘ ਸਮਾਜ ਵਿੱਚ ਕਾਫੀ ਆਦਰਯੋਗ ਵਿਅਕਤੀ ਸਨ। ਉਨ੍ਹਾਂ ਦੇ ਦਾਦਾ ਚੌਧਰੀ ਰਾਜਮਲ ਉੱਤਰੀ ਭਾਰਤ ਦੇ ਪ੍ਰਸਿੱਧ ਵਿਅਕਤਿਤਵ ਸਨ ਅਤੇ ਕਿਸਾਨ ਮਸੀਹਾ ਦਿਨਬੰਧੂ ਚੌਧਰੀ ਛੋਟੂ ਰਾਮ ਦੇ ਨਜ਼ਦੀਕੀ ਸਾਥੀ ਰਹੇ।



ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿੱਚ ਸਰਗਰਮ

ਜਵਾਨੀ ਦੇ ਦਿਨਾਂ ਤੋਂ ਹੀ ਉਹ ਰਹੇ। ਉਹ ਯੁਵਾ ਜਨਤਾ ਪਾਰਟੀ ਦੇ ਰਾਸ਼ਟਰੀ ਉਪ ਪ੍ਰਧਾਨ ਵੀ ਰਹੇ ਅਤੇ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵੱਲ ਪ੍ਰੇਰਿਤ ਕੀਤਾ। ਉਨ੍ਹਾਂ ਦੇ ਪੂਰਵ ਪ੍ਰਧਾਨ ਮੰਤਰੀ ਚੰਦਰਸ਼ੇਖਰ ਨਾਲ ਵੀ ਨਜ਼ਦੀਕੀ ਸਬੰਧ ਰਹੇ, ਜਿਸ ਨਾਲ ਉਨ੍ਹਾਂ ਦੀ ਸੋਚ ਨੂੰ ਹੋਰ ਵਿਆਪਕ ਦ੍ਰਿਸ਼ਟੀ ਮਿਲੀ।

ਧਰਮਬੀਰ ਨਾਂਦਲ "ਨਗਰ ਭਾਰਤੀ" ਦੇ ਸੰਸਥਾਪਕ ਪ੍ਰਧਾਨ ਰਹੇ। ਇਸ ਸੰਸਥਾ ਰਾਹੀਂ ਉਨ੍ਹਾਂ ਨੇ ਸ਼ਹਿਰੀ ਮੁੱਦਿਆਂ, ਨਾਗਰਿਕ ਸੁਵਿਧਾਵਾਂ ਅਤੇ ਜਾਗਰੂਕਤਾ ਲਈ ਮਹੱਤਵਪੂਰਨ ਕੰਮ ਕੀਤਾ। ਇਸ ਤੋਂ ਇਲਾਵਾ ਉਹ ਨੇਸ਼ਨਲ ਟੈਕਸਟਾਈਲ ਬੋਰਡ ਦੇ ਨਿਯੁਕਤ ਨਿਰਦੇਸ਼ਕ ਵੀ ਰਹੇ, ਜਿੱਥੇ ਉਨ੍ਹਾਂ ਨੇ ਉਦਯੋਗਿਕ ਵਿਕਾਸ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਿਚ ਸੰਤੁਲਨ ਬਣਾਇਆ।

ਉਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਸਰੋਜ ਨਾਂਦਲ ਪੱਤਰਕਾਰਤਾ ਅਤੇ ਜਨਸੰਚਾਰ ਦੀ ਸੇਵਾਮੁਕਤ ਪ੍ਰੋਫੈਸਰ ਹਨ, ਜਿਨ੍ਹਾਂ ਨੇ ਸਿੱਖਿਆ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਇਹ ਪਰਿਵਾਰ ਹਮੇਸ਼ਾ ਸਮਾਜਿਕ ਜਾਗਰੂਕਤਾ ਅਤੇ ਸੇਵਾ ਦੇ ਮੂਲਿਆਂ ਦਾ ਪ੍ਰਤੀਕ ਰਿਹਾ ਹੈ।

ਧਰਮਬੀਰ ਨਾਂਦਲ ਦਾ ਜੀਵਨ ਸਾਦਗੀ, ਇਮਾਨਦਾਰੀ ਅਤੇ ਸਮਾਜ ਪ੍ਰਤੀ ਸਮਰਪਣ ਦੀ ਮਿਸਾਲ ਸੀ। ਉਹ ਹਰ ਵਰਗ ਦੇ ਲੋਕਾਂ ਲਈ ਸਦਾ ਉਪਲਬਧ ਰਹਿੰਦੇ ਸਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਤਪਰ ਰਹਿੰਦੇ ਸਨ।

ਦਿਵੰਗਤ ਆਤਮਾ ਦੀ ਸ਼ਾਂਤੀ ਲਈ ਅਰਦਾਸ ਸਮਾਗਮ 4 ਮਈ ਨੂੰ ਸਵੇਰੇ 11 ਵਜੇ ਨਾਂਦਲ ਭਵਨ, ਪਿੰਡ ਬੋਹਰ (ਰੋਹਤਕ) ਵਿੱਚ ਕੀਤਾ ਜਾਵੇਗਾ, ਜਿੱਥੇ ਪਰਿਵਾਰਕ ਮੈਂਬਰਾਂ ਸਮੇਤ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕ ਸ਼ਰਧਾਂਜਲੀ ਭੇਟ ਕਰਨਗੇ। ਉਨ੍ਹਾਂ ਦੇ ਦੇਹਾਂਤ 'ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਸ਼ੈਖਣਿਕ ਸੰਸਥਾਵਾਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

# ਸਪੈਸ਼ਲ ਬੱਚਿਆਂ ਦੀ ਸਹੂਲਤ ਲਈ ਸਚਦੇਵਾ ਪਰਿਵਾਰ ਨੇ ਵੈਨ ਦਾਨ ਕੀਤੀ

**ਹੁਸ਼ਿਆਰਪੁਰ 1 ਮਈ (ਤਰਸੇਮ ਦੀਵਾਨਾ)** – ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ 31ਵਾਂ ਸਥਾਪਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਇਸ ਸ਼ੁਭ ਮੌਕੇ ਸਕੂਲ ਵਿੱਚ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ, ਜਿਸ ਵਿੱਚ ਸਕੂਲ ਸਟਾਫ, ਡਿਪਲੋਮਾ ਵਿਦਿਆਰਥੀਆਂ, ਸਪੈਸ਼ਲ ਬੱਚਿਆਂ, ਜੇ.ਐਸ.ਐਸ. ਆਸ਼ਾ ਕਿਰਨ ਪਿੰਗਲਵਾੜਾ ਸਪੈਸ਼ਲ ਸਕੂਲ ਕੱਕੋ, ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਾਰੇ ਮੈਂਬਰਾਂ ਨੇ ਭਾਗ ਲੈ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪੈਟਰਨ ਪਰਮਜੀਤ ਸਿੰਘ ਸਚਦੇਵਾ ਨੇ ਆਪਣੀ ਮਾਤਾ ਇੰਦਰਜੀਤ ਕੌਰ ਦੇ ਜਨਮ ਦਿਨ 'ਤੇ ਸਕੂਲ ਦੇ ਸਪੈਸ਼ਲ ਬੱਚਿਆਂ ਲਈ ਵੈਨ ਦਾਨ ਕੀਤੀ, ਇਸ ਮੌਕੇ ਮਾਤਾ ਇੰਦਰਜੀਤ ਕੌਰ ਨੇ ਵੈਨ ਦਾ ਉਦਘਾਟਨ ਵੀ ਕੀਤਾ ਅਤੇ ਕਿਹਾ ਕਿ ਇਹ ਵਿਸ਼ੇਸ਼ ਬੱਚਿਆਂ ਦੀ ਸਹੂਲਤ ਵਿੱਚ ਸਹਾਇਕ ਸਾਬਤ ਹੋਵੇਗੀ। ਇਸ ਮੌਕੇ ਸਕੂਲ ਵਿੱਚ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਪਰਮਜੀਤ ਸਿੰਘ ਸਚਦੇਵਾ ਦਾ ਧੰਨਵਾਦ ਕੀਤਾ ਅਤੇ ਪਰਿਵਾਰ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਸਪੈਸ਼ਲ ਸਕੂਲ ਦੀ ਸਥਾਪਨਾ 1 ਮਈ 1995 ਨੂੰ ਮਾਤਰ ਚਾਰ ਸਪੈਸ਼ਲ ਬੱਚਿਆਂ ਨਾਲ ਕੀਤੀ ਗਈ ਸੀ। ਪਹਿਲਾਂ ਕੁਝ ਹੋਰ ਥਾਵਾਂ 'ਤੇ ਸਕੂਲ ਨੂੰ ਚਲਾਇਆ ਗਿਆ ਪਰ ਬਾਅਦ ਵਿੱਚ 2002 ਵਿੱਚ ਪਿੰਡ ਜਹਾਂਖੇਲਾ ਦੇ ਸਰਪੰਚ ਵੱਲੋਂ ਸਕੂਲ ਉਸਾਰੀ





ਲਈ ਜ਼ਮੀਨ ਪ੍ਰਦਾਨ ਕੀਤੀ ਗਈ ਸੀ, ਇਸ ਸਕੂਲ ਵਿੱਚ ਇਸ ਸਮੇਂ 110 ਸਪੈਸ਼ਲ ਬੱਚੇ ਅਤੇ 25 ਹੋਸਟਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਉੱਥੇ ਕੁਝ ਬੱਚੇ ਘਰ ਤੋਂ ਵੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਜਿਸ ਕਾਰਨ ਕੁੱਲ 200 ਬੱਚੇ ਇਸ ਸਕੂਲ ਤੋਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਕੱਕੋ ਵਿੱਚ 25 ਮੂਕ ਬੋਲ਼ੇ ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਸਰਾ ਪ੍ਰੋਜੈਕਟ ਰਾਹੀਂ ਸਪੈਸ਼ਲ ਬੱਚਿਆਂ ਲਈ ਹੋਸਟਲ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਬੱਚਿਆਂ ਨੂੰ ਵੋਕੇਸ਼ਨਲ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ ਜਿਸ ਨਾਲ ਉਹ ਆਤਮ-ਨਿਰਭਰ ਬਣ ਸਕਣ, ਹੁਣ ਤੱਕ 15 ਸਪੈਸ਼ਲ ਬੱਚਿਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਪੈਸ਼ਲ ਸਕੂਲ ਵਿੱਚ ਵੋਕੇਸ਼ਨਲ ਟ੍ਰੇਨਿੰਗ, ਸ਼ਗਨ ਦੇ ਲਿਫਾਫੇ, ਕਿਚਨ ਨੈਪਕਿਨ, ਕੈਂਡਲ ਪ੍ਰੋਜੈਕਟ ਵੀ ਚਲਾਏ ਜਾ ਰਹੇ ਹਨ। ਹੁਣ ਤੱਕ ਇੰਟਰਨੈਸ਼ਨਲ ਸਪੈਸ਼ਲ ਓਲੰਪਿਕ ਗੇਮਜ਼ ਵਿੱਚ 3 ਸਪੈਸ਼ਲ ਬੱਚਿਆਂ ਨੇ ਭਾਰਤ ਦੀ ਨੁਮਾਇੰਦਗੀ ਕੀਤੀ ਹੈ ਜੋ ਸਕੂਲ ਲਈ ਮਾਣ ਵਾਲੀ ਗੱਲ ਹੈ। ਸਕੂਲ ਦੀ ਕੋਚ ਅੰਜਨਾ ਨੇ ਭਾਰਤ ਦੀ ਅਗਵਾਈ ਕੀਤੀ ਹੈ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰ ਸੀ.ਏ. ਤਰਨਜੀਤ ਸਿੰਘ ਨੇ ਇਸ ਮੌਕੇ ਸਕੂਲ ਨੂੰ 51 ਹਜ਼ਾਰ ਰੁਪਏ ਦੀ ਧਨ ਰਾਸ਼ੀ ਭੇਟ ਕੀਤੀ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸੈਕਟਰੀ ਕਰਨਲ ਗੁਰਮੀਤ ਸਿੰਘ, ਮਲਕੀਤ ਸਿੰਘ ਮਹੇੜੂ, ਹਰੀਸ਼ ਠਾਕੁਰ, ਰਾਮ ਆਸਰਾ, ਹਰਮੇਸ਼ ਤਲਵਾੜ, ਵਿਨੋਦ ਅਗਰਵਾਲ, ਅਨੀਤਾ ਤਲਵਾੜ, ਕੁਲਵੰਤ ਸਿੰਘ ਸਚਦੇਵਾ, ਪਿੰਕੀ ਸਚਦੇਵਾ, ਡਿੰਪੀ ਸਚਦੇਵਾ, ਤਨਿਸ਼ਕਾ ਸਚਦੇਵਾ, ਰਣਵੀਰ ਸਚਦੇਵਾ, ਤਯਾਰਾ ਸਚਦੇਵਾ, ਰਿਸ਼ੇਲ ਸਚਦੇਵਾ, ਸੰਜੀਵ ਗੁਪਤਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੀ ਮੌਜੂਦ ਰਹੇ।

**ਫੋਟੋ ਅਜਮੇਰ ਦੀਵਾਨਾ**

## ਡਿਪਟੀ ਕਮਿਸ਼ਨਰ ਵਲੋਂ ਹੁਸ਼ਿਆਰਪੁਰ -ਫਗਵਾੜਾ ਰੋਡ 'ਤੇ ਰੇਲਵੇ ਸਟੇਸ਼ਨ ਨੇੜੇ ਫਾਟਕ 'ਤੇ ਪ੍ਰਸਤਾਵਿਤ ਰੇਲਵੇ ਓਵਰ ਬ੍ਰਿਜ ਬਣਾਉਣ ਲਈ ਵਿਚਾਰ - ਵਟਾਂਦਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹੁਸ਼ਿਆਰਪੁਰ-ਜਲੰਧਰ ਰੇਲ ਟਰੈਕ 'ਤੇ ਸਥਾਨਕ ਰੇਲਵੇ ਸਟੇਸ਼ਨ ਨੇੜੇ ਫਾਟਕ 'ਤੇ ਬਣਨ ਵਾਲੇ ਪ੍ਰਸਤਾਵਿਤ ਰੇਲਵੇ ਓਵਰ ਬ੍ਰਿਜ ਸਬੰਧੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਹਦਾਇਤ ਕੀਤੀ ਕਿ ਲੋਕਾਂ ਦੀ ਸਹੂਲਤ ਦੇ ਮੱਦੇਨਜ਼ਰ ਢੁੱਕਵੇਂ ਕਦਮ ਚੁੱਕੇ ਜਾਣ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕ ਨਿਰਮਾਣ ਵਿਭਾਗ, ਉਤਰੀ ਰੇਲਵੇ ਅਤੇ ਹੋਰਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਨੂੰ ਸ਼ੁਰੂ ਕਰਨ ਸਮੇਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਟਰੈਫਿਕ ਵਿਵਸਥਾ ਦਾ ਖਾਸ ਧਿਆਨ ਰੱਖਿਆ ਜਾਵੇ। ਅਧਿਕਾਰੀਆਂ ਵਲੋਂ ਪਿਛਲੇ ਸਾਲਾਂ ਦੌਰਾਨ ਪ੍ਰੋਜੈਕਟ ਦੀ ਤਜਵੀਜ਼ ਵਿਚ ਪੁੱਲ ਦੀ ਲੰਬਾਈ 'ਤੇ ਲੋਕਾਂ ਵਲੋਂ ਜਤਾਏ ਗਏ ਇਤਰਾਜ਼ ਬਾਰੇ ਦੱਸਣ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰੋਜੈਕਟ ਦੀ ਤਜਵੀਜ਼ ਨੂੰ ਅੰਤਿਮ ਰੂਪ ਦੇਣ ਵੇਲੇ ਪੁੱਲ ਦੀ ਲੰਬਾਈ ਲੋੜ ਅਨੁਸਾਰ ਹੀ ਰੱਖੀ ਜਾਵੇ



ਤਾਂ ਜੋ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਭਾਰਤੀ ਰੇਲਵੇ ਵਲੋਂ ਡਿਪਟੀ ਚੀਫ ਇੰਜੀਨੀਅਰ ਰੋਡ ਸੇਫਟੀ ਐਚ.ਐਸ. ਸਿੱਧੂ ਅਤੇ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਗੁਰਮੀਤ ਸਿੰਘ ਵਲੋਂ ਪ੍ਰੋਜੈਕਟ ਦੇ ਵੱਖ-ਵੱਖ ਪੜਾਵਾਂ ਬਾਰੇ ਦੱਸੇ ਜਾਣ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੌਜੂਦਾ ਸਮੇਂ ਦੀ ਮੰਗ ਅਨੁਸਾਰ ਇਸ ਪ੍ਰੋਜੈਕਟ ਦੀ ਮਨਜ਼ੂਰੀ ਉਪਰੰਤ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਨੂੰ ਤਰਜ਼ੀਹ ਦਿੱਤੀ ਜਾਵੇ ਤਾਂ ਜੋ ਇਸ ਖੇਤਰ ਦੇ ਵਸਨੀਕਾਂ ਨੂੰ ਇਸ ਸਹੂਲਤ ਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਪ੍ਰੋਜੈਕਟ ਨਾਲ ਸਬੰਧਤ ਕਾਰਵਾਈਆਂ ਨੂੰ ਘੱਟੋ-ਘੱਟ ਸਮੇਂ ਵਿਚ ਮੁਕੰਮਲ ਕਰਕੇ ਅਗਲੀ ਪ੍ਰਕਿਰਿਆ ਨੂੰ ਸ਼ੁਰੂ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਰੈਜੀਡੈਂਟ ਇੰਜੀਨੀਅਰ ਰਤਨ ਸਿੰਘ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਰਜਿੰਦਰ ਕੰਵਰ ਆਦਿ ਵੀ ਮੌਜੂਦ ਸਨ।

# ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

## ਵਿਕਾਸ ਕਾਰਜਾਂ ਵਿੱਚ ਫੰਡਾਂ ਦੀ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਘਾਟ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਸ. ਮਲਵਿੰਦਰ ਸਿੰਘ ਕੰਗ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਪਿੰਡਾਂ ਵਿੱਚ ਐਮਪੀ ਲੈਡ ਫੰਡ ਤਹਿਤ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਉਨ੍ਹਾਂ ਨਾਲ ਹਲਕਾ ਨਵਾਂਸ਼ਹਿਰ ਦੇ ਇੰਚਾਰਜ ਤੇ ਪੰਜਾਬ ਰਾਜ ਉਦਯੋਗਿਕ ਸਿਖਲਾਈ ਬੋਰਡ ਦੇ ਡਿਪਟੀ ਚੇਅਰਮੈਨ ਸ਼੍ਰੀ ਲਲਿਤ ਮੋਹਨ ਪਾਠਕ ਵੀ ਸਨ। ਸ. ਮਲਵਿੰਦਰ ਸਿੰਘ ਕੰਗ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਸਜਾਵਲਪੁਰ ਵਿਖੇ ਓਪਨ ਜਿਮ, ਪਿੰਡ ਜੇਠੂ ਮਜਾਰਾ ਤੇ ਦਿਲਾਵਰਪੁਰ ਵਿਖੇ ਸਟ੍ਰੀਟ ਤੇ ਡ੍ਰੇਨ ਕਾਰਜਾਂ, ਪਿੰਡ ਨੰਗਲ ਜੱਟਾ ਵਿਖੇ ਸ਼ਮਸ਼ਾਨਘਾਟ, ਪਿੰਡ ਓੜਾਪੜ ਵਿਖੇ ਫੁੱਟਬਾਲ ਗਰਾਊਂਡ, ਪਿੰਡ ਦੁਰਗਾਪੁਰ ਵਿਖੇ ਰੀਟੇਨਿੰਗ ਵਾਲ ਫਾਰ ਵਾਟਰ ਪਾਉਂਡ ਅਤੇ ਵਾਰਡ ਨੰਬਰ 1 ਵਿੱਚ ਕਮਿਊਨਿਟੀ ਹਾਲ ਦੇ ਮੁਕੰਮਲ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਲ 33 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਜਿੰਨ੍ਹਾਂ ਪਿੰਡਾਂ ਵਿੱਚ ਗ੍ਰਾਂਟ ਦਿੱਤੀ ਸੀ ਅੱਜ ਉਨ੍ਹਾਂ ਦੇ ਪਿੰਡਾਂ ਵਿੱਚ ਕੀਤੀਆਂ ਗਈਆਂ ਉਸਾਰੀਆਂ ਨੂੰ ਲੋਕ ਅਰਪਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਲੋਕਾਂ ਦੀ ਭਲਾਈ ਲਈ ਹਮੇਸ਼ਾਂ ਕੰਮ ਕਰਦੇ ਰਹਿਣਗੇ ਅਤੇ ਉਨ੍ਹਾਂ ਦੀ ਮੁੱਖ ਤਰਜੀਹ ਹੈ ਕਿ ਉਹ ਪਿੰਡਾਂ ਨੂੰ ਸ਼ਹਿਰ ਵਾਲੀਆਂ ਸਾਰੀਆਂ ਸੁਵਿਧਾਵਾਂ ਉਪਲਬੱਧ ਕਰਵਾਉਣ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਓਪਨ ਜਿੰਮ ਬਣ ਨਾਲ ਉੱਥੋਂ ਦੇ ਨੌਜਵਾਨ ਖੇਡਾਂ ਨਾਲ ਜੁੜਣਗੇ ਅਤੇ ਕਮਿਊਨਿਟੀ ਹਾਲ ਦੇ ਬਣਨ ਨਾਲ ਪਿੰਡ ਵਾਸੀਆਂ ਨੂੰ ਸਮਾਜਿਕ ਤੇ ਸੱਭਿਆਚਾਰਕ ਸਮਾਗਮਾਂ ਲਈ ਢੁੱਕਵੀਂ ਥਾਂ ਮਿਲੀ ਹੈ, ਜਦਕਿ ਸ਼ਮਸ਼ਾਨਘਾਟ ਦੀ ਸ਼ੈੱਡ ਬਣਨ ਅਤੇ ਹੋਰ ਕੰਮ ਨਾਲ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ।

# ਮਾਨ ਸਰਕਾਰ ਵਲੋਂ ਸੂਬੇ ’ਚ ਹੜ੍ਹ ਰੋਕੂ ਪ੍ਰਬੰਧਾਂ ’ਤੇ ਖ਼ਰਚੇ ਜਾ ਰਹੇ 600 ਕਰੋੜ ਰੁਪਏ - ਬਰਿੰਦਰ ਕੁਮਾਰ ਗੋਇਲ

## 30 ਜੂਨ ਤੋਂ ਪਹਿਲਾਂ-ਪਹਿਲਾਂ ਹੋਣਗੇ ਸਾਰੇ ਹੜ੍ਹ ਰੋਕੂ ਪ੍ਰਬੰਧ ਮੁਕੰਮਲ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਮਾਨਸੂਨ ਤੋਂ ਪਹਿਲਾਂ-ਪਹਿਲਾਂ ਸੂਬੇ ਵਿੱਚ ਹੜ੍ਹ ਰੋਕਥਾਮ ਕਾਰਜਾਂ ਨੂੰ ਮੁਕੰਮਲ ਕਰਾਉਣ ਦੇ ਮੱਦੇਨਜ਼ਰ ਸੂਬੇ ਦਾ ਦੌਰਾ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਅੱਜ ਲਗਾਤਾਰ ਤੀਸਰੇ ਦਿਨ ਜਲ ਸਰੋਤ ਮੰਤਰੀ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚੋਂ ਲੰਘਦੇ ਸਤਲੁਜ ਦਰਿਆ ਦੇ ਕੰਢੇ ਚਲ ਰਹੇ ਮਜ਼ਬੂਤੀਕਰਨ ਦੇ ਕੰਮਾਂ ਦਾ ਜਾਇਜ਼ਾ ਲਿਆ।

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬੁਰਜ ਟਹਿਲ ਦਾਸ ਵਿਖੇ ਹੜ੍ਹਾਂ ਦੀ ਰੋਕਥਾਮ ਦੇ ਕੰਮਾਂ ਦਾ ਜਾਇਜ਼ਾ ਲੈਣ ਪਿੱਛੋਂ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸੂਬੇ ਵਿੱਚ ਹੜ੍ਹਾਂ ਦੀ ਰੋਕਥਾਮ ਸਬੰਧੀ ਕੰਮਾਂ ਉਤੇ 600 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ ਅਤੇ 30 ਜੂਨ ਤੋਂ ਪਹਿਲਾਂ-ਪਹਿਲਾਂ ਸਾਰੇ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੁਕੰਮਲ ਕਰ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵਲੋਂ ਪਿਛਲੇ ਤਿੰਨ ਦਿਨਾਂ ਤੋਂ ਵੱਖ-ਵੱਖ ਜ਼ਿਲ੍ਹਿਆਂ ਦੇ ਦੌਰੇ 'ਤੇ ਹਨ। ਜ਼ਿਲ੍ਹਾ ਅੰਮ੍ਰਿਤਸਰ ਅਤੇ ਜਲੰਧਰ ਤੋਂ ਬਾਅਦ ਅੱਜ ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੜ੍ਹ ਰੋਕੂ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਗਾਮੀ ਮਾਨਸੂਨ ਤੋਂ ਪਹਿਲਾਂ-ਪਹਿਲਾਂ ਹੜ੍ਹਾਂ ਦੀ ਰੋਕਥਾਮ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿਛਲੇ ਵਰ੍ਹੇ ਆਏ ਹੜ੍ਹਾਂ ਪਿੱਛੋਂ ਵਿਭਾਗ ਦੇ ਦੋ ਸੁਪਰੀਡੈਂਟਿੰਗ ਇੰਜੀਨੀਅਰਾਂ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਕਮੇਟੀ ਵੱਲੋਂ ਪੰਜਾਬ ਦੇ ਦਰਿਆਵਾਂ 'ਚ ਕੁੱਲ 132 ਸੰਵੇਦਨਸ਼ੀਲ ਥਾਵਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਅਤੇ ਸਾਰੀਆਂ ਥਾਵਾਂ ਨੂੰ ਜੰਗੀ ਪੱਧਰ 'ਤੇ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹ ਵਰਗੇ ਹਲਾਤਾਂ ਦੌਰਾਨ ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਸਰਕਾਰ ਦੀ ਮਹਿਮਾਨ ਨਿਵਾਜੀ ਠੁਕਰਾ ਕੇ ਸੀਟੂ ਆਗੂਆਂ ਨੇ ਮਜ਼ਦੂਰ ਦਿਵਸ ਮੌਕੇ ਝੰਡੇ ਲਹਿਰਾਏ

## ਸੂਬਾ ਸਰਕਾਰ ਡਰਾਮੇਬਾਜ਼ੀ ਛੱਡ ਕੇ ਮਜ਼ਦੂਰ ਪੱਖੀ ਠੋਸ ਨੀਤੀ ਬਣਾਉਣ ਦੀ ਮੰਗ



**ਰਾਏਕੋਟ, 1 ਮਈ ( ਗੁਰਭਿੰਦਰ ਗੁਰੀ )** ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਆਗੂਆਂ ਨੇ ਸੂਬਾ ਸਰਕਾਰ ਦੀ ਮਹਿਮਾਨ ਨਿਵਾਜੀ ਠੁਕਰਾ ਕੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਸੀਟੂ ਦੇ ਸੂਬਾਈ ਮੀਤ ਪ੍ਰਧਾਨ ਦਲਜੀਤ ਕੁਮਾਰ ਗੋਰਾ, ਮਗਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਬਰ੍ਹਮੀ, ਰਾਜਜਸਵੰਤ ਸਿੰਘ ਤਲਵੰਡੀ, ਗੁਰਦੀਪ ਸਿੰਘ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਆਗੂ ਗੁਰਮੀਤ ਕੌਰ, ਰਣਜੀਤ ਕੌਰ, ਬੌਬੀ ਗਿੱਲ, ਕਰਮਜੀਤ ਸੰਨ੍ਹੀ, ਰੁਲਦਾ ਸਿੰਘ ਗੋਬਿੰਦਗੜ੍ਹ, ਪ੍ਰਿਤਪਾਲ ਸਿੰਘ ਬਿੱਟਾ ਅਤੇ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਵਿੱਚ ਵੱਖ-ਵੱਖ ਥਾਂਵਾਂ ਉਪਰ ਲਾਲ ਝੰਡੇ ਲਹਿਰਾਏ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਦਾ ਸੰਦੇਸ਼ ਦਿੱਤਾ। ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾਈ ਸਕੱਤਰ ਜਨਰਲ ਸੰਤੋਖ ਗਿੱਲ ਨੇ ਮੋਦੀ ਸਰਕਾਰ ਵੱਲੋਂ ਵਰਕਿੰਗ ਜਰਨਲਿਸਟ ਐਕਟ ਅਤੇ ਵੇਜ ਬੋਰਡ ਖ਼ਤਮ ਕਰਕੇ ਪੱਤਰਕਾਰਾਂ ਨੂੰ ਵੀ ਚਾਰ ਲੇਬਰ ਕੋਡ ਦੇ ਘੇਰੇ ਵਿੱਚ ਲਿਆਉਣ ਦੀ ਤਿੱਖੀ ਨਿੰਦਾ ਕੀਤੀ। ਉਨ੍ਹਾਂ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਵੀ ਮੰਗ ਕੀਤੀ।

ਇਸ ਮੌਕੇ ਸੀਟੂ ਆਗੂਆਂ ਨੇ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬੇ ਦੀ ਮਾਨ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੀ ਤਿੱਖੀ ਨਿੰਦਾ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਮਜ਼ਦੂਰ ਵਿਰੋਧੀ ਨੀਤੀਆਂ ਕਾਰਨ ਮਜ਼ਦੂਰਾਂ ਦਾ ਜੀਵਨ ਦੁੱਭਰ ਹੋ ਗਿਆ ਹੈ। ਆਗੂਆਂ ਨੇ ਮਾਨ ਸਰਕਾਰ ਨੂੰ ਡਰਾਮੇਬਾਜ਼ੀ ਛੱਡ ਕੇ ਅਤੇ ਠੋਸ ਕਦਮ ਚੁੱਕਣ ਦੀ ਮੰਗ ਕੀਤੀ। ਉਨ੍ਹਾਂ ਜੀ ਰਾਮ ਜੀ ਕਾਨੂੰਨ ਦੀ ਥਾਂ ਮੁੜ ਮਨਰੇਗਾ ਕਾਨੂੰਨ ਲਾਗੂ ਕਰਨ, 13 ਸਾਲਾਂ ਤੋਂ ਰੋਕੀ ਘੱਟੋ-ਘੱਟ ਉਜਰਤ ਵਿੱਚ ਮੁਨਾਸਬ ਵਾਧਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਹੱਕ ਮੰਗਦੇ ਟਰਾਂਸਪੋਰਟ ਕਾਮਿਆਂ ਨੂੰ ਤੁਰੰਤ ਰਿਹਾਅ ਕਰਨ ਅਤੇ ਆਂਗਣਵਾੜੀ ਕਾਮਿਆਂ ਦਾ ਮਾਣਭੱਤਾ ਦੁੱਗਣਾ ਕਰਨ ਦੀ ਮੰਗ ਦੁਹਰਾਈ। ਸੀਟੂ ਆਗੂਆਂ ਨੇ ਸਬਜ਼ੀ ਮੰਡੀ ਤੋਂ ਸ਼ੁਰੂ ਕਰ ਕੇ ਹਰੀ ਸਿੰਘ ਨਲੂਆ ਚੌਂਕ, ਬੱਸ ਸਟੈਂਡ, ਲੇਬਰ ਚੌਂਕ, ਟੈਂਪੂ ਯੂਨੀਅਨ, ਨਗਰ ਕੌਂਸਲ ਦਫ਼ਤਰ ਉਪਰ ਝੰਡੇ ਲਹਿਰਾਉਣ ਉਪਰੰਤ ਤਲਵੰਡੀ ਗੇਟ ਉਪਰ ਰੈਲੀ ਕੀਤੀ।

# ਕਿਸਾਨ ਅਤੇ ਮਜ਼ਦੂਰ ਦਾ ਨੌਂਹ ਮਾਸ ਦਾ ਰਿਸ਼ਤਾ - ਚੱਕ ਭਾਈ ਕਾ / ਬੱਸੀਆ

## ਮਜ਼ਦੂਰ ਦਿਵਸ ਤੇ ਦਾਣਾ ਮੰਡੀ ਬੱਸੀਆ ਵਿੱਚ ਲਹਿਰਾਇਆ ਝੰਡਾ ਤੇ ਵੰਡੇ ਲੱਡੂ

**ਰਾਏਕੋਟ, 1 ਮਈ ( ਗੁਰਭਿੰਦਰ ਗੁਰੀ )** 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਵੱਡਾ ਪੱਧਰ ਤੇ ਦੇਸ਼ ਭਰ ਵਿੱਚ ਮਨਾਇਆ ਜਾਂਦਾ ਹੈਂ । ਇਸੇ ਤਹਿਤ ਤਹਿਸੀਲ ਰਾਏਕੋਟ ਦੇ ਅਹਿਮ ਪਿੰਡ ਬੱਸੀਆ ਦੀ ਦਾਣਾ ਮੰਡੀ ਵਿੱਚ ਹਰ ਸਾਲ ਦੀ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜਗਿੱਲ) ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਅਤੇ ਬਲਾਕ ਪ੍ਰਧਾਨ ਰਾਏਕੋਟ ਰਣਧੀਰ ਸਿੰਘ ਉੱਪਲ ਬੱਸੀਆ ਦੀ ਅਗਵਾਈ ਹੇਠ ਝੰਡਾ ਲਹਿਰਾਉਣ ਉਪਰੰਤ ਲੱਡੂ ਵੰਡ ਕੇ ਮਨਾਇਆ ਗਿਆ। ਇਸ ਦੌਰਾਨ ਕਿਸਾਨ ਆਗੂਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਕਿਸਾਨ ਮਜ਼ਦੂਰ ਦਾ ਸਦੀਆਂ ਪੁਰਾਣਾ ਨੌਂਹ ਮਾਸ ਦਾ ਰਿਸ਼ਤਾ ਹੈਂ ਕਿਉਂਕਿ ਇਹ ਦੂਸਰੇ ਤੋਂ ਬਿਨਾਂ ਅਧੂਰੇ ਹਨ। ਭਾਵੇਂ ਸਮੇਂ ਸਮੇਂ ਤੇ ਕੁਝ ਫਿਰਕਾਪ੍ਰਸਤ ਲੋਕਾਂ ਨੇ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਅੱਜ ਵੀਂ ਕਿਸਾਨ ਮਜ਼ਦੂਰ ਇਕ ਹਨ ਜਦਕਿ ਸਰਕਾਰਾਂ ਇਹਨਾਂ ਦੇ ਮੌਲਿਕ ਅਧਿਕਾਰਾਂ ਤੇ ਮੰਗਾਂ ਨੂੰ ਅਣਗੌਲਿਆ ਕਰਦੀਆਂ ਆ ਰਹੀਆ ਹਨ। ਇਸ ਸਮੇਂ ਚੌਧਰੀ ਸੇਵਕ ਸਿੰਘ, ਚੌਧਰੀ ਮੰਗਾ ਸਿੰਘ, ਚੌਧਰੀ ਜਗਰੂਪ ਸਿੰਘ ਬੋਪਾਰਾਏ, ਮਿਸਤਰੀ ਸਰਬਾ ਸਿੰਘ ਸਿਵੀਆ, ਸੇਵਕ ਸਿੰਘ ਕਮਾਲਪੁਰਾ, ਕਾਮਰੇਡ ਜਰਨੈਲ ਸਿੰਘ, ਸੁਖਵਿੰਦਰ ਸਿੰਘ ਸਿਧਵਾ, ਨਿਰਮਲ ਸਿੰਘ ਨਿੰਮਾ, ਸ਼ਰਨਜੀਤ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।





# ਸਤਲੋਕ ਧਾਮ, ਰੱਤੇਵਾਲ ਵਿਖੇ ਬ੍ਰਹਮਲੀਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਦੇ 109ਵੇਂ ਅਵਤਾਰ ਦਿਵਸ ਸਬੰਧੀ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਵਿੱਚ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਹੋਏ ਨਤਮਸਤਕ

**ਨਵਾਂਸ਼ਹਿਰ/ਰੱਤੇਵਾਲ 1 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸਤਲੋਕ ਧਾਮ, ਪਿੰਡ ਰੱਤੇਵਾਲ ਵਾਲ ਵਿਖੇ ਬ੍ਰਹਮਲੀਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਦੇ 109ਵੇਂ ਅਵਤਾਰ ਦਿਵਸ ਸਬੰਧੀ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਸਮੂਹ ਸੰਗਤਾਂ ਨੂੰ ਅਵਤਾਰ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬ੍ਰਹਮਲੀਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਨੇ ਸਾਰੀ ਉਮਰ ਮਾਨਵਤਾ ਦੀ ਸੇਵਾ, ਪ੍ਰੇਮ, ਭਾਈਚਾਰੇ ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਜਾਗਰੂਕਤਾ ਫੈਲਾਉਣ ਦਾ ਸੰਦੇਸ਼ ਦਿੱਤਾ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ ਸਤਲੋਕ ਧਾਮ ਦੇ ਮੁੱਖ ਸੇਵਾਦਾਰਾਂ ਵੱਲੋਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਧਾਮ ਦੇ ਪ੍ਰਬੰਧਕ, ਸਥਾਨਕ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।





# ਸਿਹਤ ਵਿਭਾਗ ਦੀ ਟੀਮ ਨੇ ਸਿਹਤ ਸੈਂਟਰ ਰੈਲ ਮਾਜਰਾ ਵਿੱਚ ਛਾਤੀ ਦੇ ਰੋਗਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ

**ਨਵਾਂਸ਼ਹਿਰ /ਕਾਠਗੜ੍ਹ 1 ਮਈ** - ਜਤਿੰਦਰ ਪਾਲ ਸਿੰਘ ਕਲੇਰ ) ਸਰਕਾਰੀ ਹਸਪਤਾਲ ਬਲਾਚੌਰ ਦੀ ਟੀਵੀ ਰੋਗਾਂ ਦੀ ਟੀਮ ਨੇ ਪਿੰਡ ਰੈਲ ਮਾਜਰਾ ਦੇ ਸਿਹਤ ਸੈਂਟਰ ਵਿਚ ਛਾਤੀ ਦਰਦ ਦੇ ਰੋਗੀਆਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਦੇ ਐਕਸਰੇ ਲੈਣ ਤੋਂ ਬਾਅਦ ਸਹੀ ਇਲਾਜ ਕਰਵਾਉਣ ਲਈ ਕਿਹਾ। ਮਰੀਜ਼ਾਂ ਨੂੰ ਦੱਸਿਆ ਗਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਟੀਵੀ ਰੋਗਾਂ ਦੀ ਸ਼ਿਕਾਇਤ ਹੈ ਤਾਂ



ਘਬਰਾਉਣ ਦੀ ਲੋੜ ਨਹੀਂ ਹੈ। ਇਹ ਰੋਗ ਇਲਾਜ਼ ਯੋਗ ਹੈ। ਇਸਦਾ ਇਲਾਜ ਸਰਕਾਰ ਵਲੋਂ ਫ੍ਰੀ ਕੀਤਾ ਜਾਂਦਾ ਹੈ। ਟੀਮ ਵਿੱਚ ਡਾ ਅਰੁਣ ਦੱਤ,ਸਰਸ ਮੈਡਮ,ਸੀਐਚ ਓ ਗੁਰਪ੍ਰੀਤ ਕੌਰ,ਸੀਐਚ ਓ ਪ੍ਰਭਜੋਤ, ਆਸ਼ਾ ਰਾਣੀ ਐਮਪੀਐਚ ਵਰਕਰ, ਗੁਰਦੀਪ ਸਿੰਘ, ਪਰਮਜੀਤ ਸਿੰਘ ਐਮਪੀਐਚ ਵਰਕਰ, ਆਸ਼ਾ ਵਰਕਰ ਪ੍ਰੀਤਮ ਕੌਰ, ਉਰਮਿਲਾ ਦੇਵੀ, ਕਸ਼ਮੀਰ ਕੌਰ ਹਾਜ਼ਰ ਸਨ।

# ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਦੇ ਪ੍ਰਧਾਨ ਸ਼ਿਵਨਾਥ ਦਰਦੀ ਦੇ ਬੇਟੇ ਅਸ਼ੀਸ਼ ਕੁਮਾਰ ਨੇ ਪੰਜਾਬੀ ਮਾਂ ਬੋਲੀ ਦਾ ਸਿਰ ਕੀਤਾ ਉੱਚਾ

**ਫ਼ਰੀਦਕੋਟ (ਸ਼ਿਵਨਾਥ)** ਅੱਜ ਜਦੋ ਸੈਂਟ ਮੈਰੀਜ ਕਾਨਵੈਂਟ ਸਕੂਲ ਫ਼ਰੀਦਕੋਟ ਦਾ ICSE ਦਸਵੀਂ ਜਮਾਤ ਦਾ ਨਤੀਜਾ ਆਇਆਂ। ਜਿਸ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ਼ਿਵਨਾਥ ਦਰਦੀ ਪ੍ਰਧਾਨ ਕਲਮਾਂ ਦੇ ਰੰਗ ਸਾਹਿਤ ਸਭਾ(ਰਜਿ) ਫ਼ਰੀਦਕੋਟ ਦੇ ਵੱਡੇ ਬੇਟੇ ਅਸ਼ੀਸ਼ ਕੁਮਾਰ ਦੇ ਪੰਜਾਬੀ ਦੇ ਨਤੀਜੇ ਵਿੱਚੋ 96 ਨੰਬਰ ਆਏ। ਜੋ ਪੰਜਾਬੀ ਮਾਂ ਬੋਲੀ ਦਾ ਸਿਰ ਉੱਚਾ ਚੁੱਕਣ ਤੇ ਪੰਜਾਬ 'ਚ ਰਹਿਣ ਵਾਲੇ ਹਰ ਉਸ ਪੰਜਾਬੀ ਲਈ ਜੋ ਪੰਜਾਬੀ ਨਾਲ ਮੁਹੱਬਤ ਰੱਖਦਾ ਹੈ ,ਮਾਣ ਵਾਲੀ ਗੱਲ ਹੈ। ਇਕ ਇੰਗਲਿਸ਼ ਮੀਡੀਅਮ, ਪ੍ਰਾਈਵੇਟ ਸਕੂਲ ਵਿੱਚ ਪੜਦੇ ਨੇ, ਆਪਣੀ ਪੰਜਾਬੀ ਮਾਂ ਬੋਲੀ ਮੋਹ ਮੁਹੱਬਤ ਦੀ ਮਿਸਾਲ ਕਾਇਮ ਕੀਤੀ ਹੈ।

ਇਸ ਸਮੇ ਸਭਾ ਦੇ ਚੇਅਰਮੈਨ ਪ੍ਰੋ.ਬੀਰ ਇੰਦਰ ਸਰਾਂ, ਜਰਨਲ ਸਕੱਤਰ ਜਸਵਿੰਦਰ ਜੱਸ, ਖਜਾਨਚੀ ਕਸ਼ਮੀਰ ਮਾਨਾ ,ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਮੀਤ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋ, ਮੀਤ




ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਸਹਾਇਕ ਵਿੱਤ ਸਕੱਤਰ ਕੇ.ਪੀ ਸਰਾਂ ,ਕਾਨੂੰਨੀ ਸਲਾਹਕਾਰ ਐਡਵੋਕੇਟ ਪ੍ਰਦੀਪ ਅਟਵਾਲ, ਸੁਖਬੀਰ ਬਾਬਾ , ਸਿਕੰਦਰ ਮਾਨਵ ,ਕਾਮਰੇਡ ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ, ਚਮਕੌਰ ਸਿੰਘ ਪੱਖੀ ਕਲਾਂ, ਪਰਿਵਾਰਕ ਮੈਂਬਰ ਭਰਾ ਹਰਜਿੰਦਰ ਲਾਲ , ਅਸ਼ੋਕ ਕੁਮਾਰ, ਜੀਜਾ ਗੁਰਚਰਨ ਸਿੰਘ ਚੰਨਾ ਸੰਧੂ ਤੇ ਬਲਪ੍ਰੀਤ ਸਿੰਘ, ਭੈਣਾਂ ਗੁਰਵਿੰਦਰ ਕੌਰ ਤੇ ਸਾਂਤੀ ਦੇਵੀ ਤੋ ਇਲਾਵਾ ਲੇਖਕ ਸਭਾ ਦੇ ਪ੍ਰਧਾਨ ਮਨਜਿੰਦਰ ਗੋਲੀ, ਧਰਮ ਪ੍ਰਵਾਨਾ, ਜੀਤ ਕੰਮੇਅਣਾ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਸੁਖਚੈਨ ਥਾਂਦੇਵਾਲ,ਇਕਬਾਲ ਘਾਰੂ, ਗੁਰਤੇਜ ਪੱਖੀ ਕਲਾਂ, ਜਗਦੀਪ ਹਸਰਤ, ਹਰਦੀਪ ਸਿਰਾਜੀ, ਸ਼ਬਦ-ਸਾਂਝ ਮੰਚ ਦੇ ਪ੍ਰਧਾਨ ਪ੍ਰੀਤ ਭਗਵਾਨ, ਜਰਨਲ ਸਕੱਤਰ ਕੁਲਵਿੰਦਰ ਵਿਰਕ ਤੇ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਫ਼ਰੀਦਕੋਟ ਦੇ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਆਦਿ ਨੇ ਸੁਭ ਕਾਮਨਾਵਾਂ ਦਿੱਤੀਆਂ।

# ਮਾਤਾ ਸੁੰਦਰੀ ਕਾਲਜ ਨੇ ਮਨਾਇਆ 59ਵਾਂ ਸਾਲਾਨਾ ਦਿਨ,ਉਪ-ਰਾਜਪਾਲ ਤਰਨਜੀਤ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ ਸ਼ਾਮਲ

**ਸੁਖਵਿੰਦਰ ਸਿੰਘ ਹੈਪੀ ਦੀ ਰਿਪੋਰਟ**
ਦਿੱਲੀ ਯੂਨੀਵਰਸਿਟੀ ਦੇ ਮਾਤਾ ਸੁੰਦਰੀ ਕਾਲਜ ਨੇ 30 ਅਪ੍ਰੈਲ ਨੂੰ ਆਪਣਾ 59ਵਾਂ ਸਾਲਾਨਾ ਦਿਨ ਪੂਰੇ ਉਤਸ਼ਾਹ ਨਾਲ ਮਨਾਇਆ। ਸਮਾਗਮ ਦਾ ਸ਼ੁੱਭ ਆਰੰਭ ਪਾਵਨ ਅਰਦਾਸ ਨਾਲ ਹੋਇਆ। ਕਾਲਜ ਦੀ ਪ੍ਰਿੰਸੀਪਲ ਪ੍ਰੋ. ਹਰਪ੍ਰੀਤ ਕੌਰ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਪ-ਰਾਜਪਾਲ ਸ. ਤਰਨਜੀਤ ਸਿੰਘ ਸੰਧੂ ਰਾਜਨੀਤਿਕ ਸ਼ਾਨਦਾਰਤਾ, ਸੰਸਥਾਗਤ ਵਿਰਾਸਤ ਅਤੇ ਮਾਨਵ-ਕੇਂਦਰਿਤ ਰਾਸ਼ਟਰ-ਨਿਰਮਾਣ ਦਾ ਦੁਰਲੱਭ ਸੰਗਮ ਹਨ। ਉਨ੍ਹਾਂ ਨੇ ਕਾਲਜ ਦੇ ਵਿਭਿੰਨ ਵਿਕਾਸ, ਕਾਨਫਰੰਸਾਂ ਅਤੇ ਉਪਲਬਧੀਆਂ ਦਾ ਜਿਕਰ ਕੀਤਾ ਅਤੇ ਨਵੀਂਆਂ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਮੁੱਖ ਮਹਿਮਾਨ ਵਜੋਂ ਪਹੁੰਚੇ ਦਿੱਲੀ ਦੇ ਉਪ-ਰਾਜਪਾਲ ਸ. ਤਰਨਜੀਤ ਸਿੰਘ ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਲਾਨਾ ਦਿਵਸ ਕਿਸੇ ਵੀ ਸੰਸਥਾ ਲਈ ਆਤਮ-ਚਿੰਤਨ ਅਤੇ ਨਵੀਂਆਂ ਆਕਾਂਖਿਆਵਾਂ ਨੂੰ ਜਨਮ ਦੇਣ ਦਾ ਮਹੱਤਵਪੂਰਨ ਦਿਨ ਹੁੰਦਾ ਹੈ। ਇਸ ਮੌਕੇ ਦਿੱਲੀ ਸਰਕਾਰ ਦੇ ਕੈਬਿਨੇਟ ਮੰਤਰੀ ਸ. ਮਨਜਿੰਦਰ ਸਿੰਘ ਸਿਰਸਾ, ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, DSGMC ਦੇ ਮਹਾ ਸਕੱਤਰ ਸ.





ਜਗਦੀਪ ਸਿੰਘ ਕਾਹਲੋਂ ਅਤੇ ਸਾਬਕਾ ਪੁਲਿਸ ਕਮਿਸ਼ਨਰ ਸ਼੍ਰੀ ਰਾਕੇਸ਼ ਅਸਥਾਨਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਮਾਗਮ ਦੌਰਾਨ ਕਾਲਜ ਦੀ ਮੈਗਜ਼ੀਨ 'ਬਾਣੀ' ਅਤੇ ਸਾਲਾਨਾ ਰਿਪੋਰਟ 2025-26 ਦਾ ਵਿਮੋਚਨ ਕੀਤਾ ਗਿਆ। ਮੇਧਾਵੀ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਭ ਤੋਂ ਹੋਣ-ਹਾਰ ਵਿਦਿਆਰਥੀ ਨੂੰ 'ਸਟੂਡੈਂਟ ਆਫ ਦਿ ਈਅਰ' ਅਤੇ 'ਬੈਸਟ ਔਲ ਰਾਉਂਡਰ' ਦੇ ਖਿਤਾਬ ਨਾਲ ਨਵਾਜਿਆ ਗਿਆ। ਸਿੱਖਿਆ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹੋਰ ਵਿਦਿਆਰਥੀਆਂ ਨੂੰ ਵੀ ਪੁਰਸਕਾਰ ਦਿੱਤੇ ਗਏ। ਇਸ ਮੌਕੇ ਆਡੀਓ-ਵਿਜ਼ੁਅਲ ਪੇਸ਼ਕਾਰੀ ਰਾਹੀਂ ਸਾਲ ਭਰ ਦੇ ਸੈਮੀਨਾਰ, ਹੇਰੀਟੇਜ ਵੌਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਝਲਕ ਦਿਖਾਈ ਗਈ। ਅਧਿਆਪਕਾਂ ਦੇ ਖੋਜ ਕਾਰਜ ਅਤੇ ਰਚਨਾਵਾਂ ਵੀ ਜਾਰੀ ਕੀਤੀਆਂ ਗਈਆਂ। ਕਾਲਜ ਨੇ 'ਮਾਤਾ ਸੁੰਦਰੀ ਡਿਜੀਟਲ ਆਰਕਾਈਵਜ਼' ਦੀ ਪਹਿਲ ਰਾਹੀਂ ਆਪਣੀ ਇਤਿਹਾਸਕ ਵਿਰਾਸਤ ਨੂੰ ਸੁਰੱਖਿਅਤ ਕੀਤਾ ਹੈ। ਸਾਲਾਨਾ ਪ੍ਰੋਗਰਾਮ ਕਮੇਟੀ ਵੱਲੋਂ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਗਿਆ।

# ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਝੰਡਾ ਲਹਿਰਾ ਕੇ ਮਜ਼ਦੂਰ ਦਿਵਸ ਮੌਕੇ ਕਿਰਤੀ ਹੱਕਾਂ ਦਾ ਦਿੱਤਾ ਸੰਦੇਸ਼

**ਅੰਮ੍ਰਿਤਸਰ, ( ਲਖਵਿੰਦਰ ਸਿੰਘ ਗਿੱਲ )**-ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ‘ਤੇ ਪੈਨਸ਼ਨਰਜ਼ ਐਸੋਸੀਏਸ਼ਨ ਰਜਿ: ਸਬ-ਮੰਡਲ ਮਜੀਠਾ ਵੱਲੋਂ ਬਿਜਲੀ ਦਫਤਰ ਕੰਪਲੈਕਸ ਵਿਖੇ ਇਕ ਭਰਪੂਰ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਇਕਾਈ ਦੇ ਪ੍ਰਧਾਨ ਮਹਿੰਦਰ ਸਿੰਘ ਖਹਿਰਾ ਦੀ ਅਗਵਾਈ ਹੇਠ ਗੇਟ ‘ਤੇ ਝੰਡਾ ਲਹਿਰਾਇਆ ਗਿਆ ਅਤੇ ਸ਼ਹੀਦ ਮਜ਼ਦੂਰਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਮਜ਼ਦੂਰ ਦਿਵਸ ਦੀ ਇਤਿਹਾਸਕ ਮਹੱਤਤਾ ਉਜਾਗਰ ਕੀਤੀ। ਉਨ੍ਹਾਂ ਦੱਸਿਆ ਕਿ 1886 ਵਿੱਚ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਮਜ਼ਦੂਰਾਂ ਤੋਂ 18 ਤੋਂ 22 ਘੰਟੇ ਕੰਮ ਲਿਆ ਜਾਂਦਾ ਸੀ, ਜਿਸ ਦੇ ਵਿਰੋਧ ਵਿੱਚ ਉਠੇ ਸੰਘਰਸ਼ ਦੌਰਾਨ ਕਈ ਮਜ਼ਦੂਰ ਸ਼ਹੀਦ ਹੋਏ। ਉਨ੍ਹਾਂ ਦੀ ਕੁਰਬਾਨੀ ਸਦਕਾ ਹੀ ਅੱਜ 8 ਘੰਟੇ ਦੇ ਕੰਮ ਦਾ ਅਧਿਕਾਰ ਮਿਲਿਆ ਅਤੇ 1923 ਤੋਂ ਮਜ਼ਦੂਰ ਦਿਵਸ ਮਨਾਉਣ ਦੀ ਪ੍ਰਥਾ ਸ਼ੁਰੂ ਹੋਈ। ਬੁਲਾਰਿਆਂ ਨੇ ਕਿਹਾ ਕਿ ਮਜ਼ਦੂਰ ਦਿਵਸ ਦੁਨੀਆ ਭਰ ਦੇ ਕਿਰਤੀ ਵਰਗ ਦੀ ਇਕਜੁੱਟਤਾ ਦਾ ਪ੍ਰਤੀਕ ਹੈ



ਅਤੇ ਅੱਜ ਦੇ ਸਮੇਂ ਵਿੱਚ ਮਜ਼ਦੂਰ ਹੱਕਾਂ ਦੀ ਰੱਖਿਆ ਲਈ ਹੋਰ ਵੀ ਜ਼ਿਆਦਾ ਜਾਗਰੂਕ ਹੋਣ ਦੀ ਲੋੜ ਹੈ। ਉਨ੍ਹਾਂ ਚਿੰਤਾ ਜਤਾਈ ਕਿ ਮੌਜੂਦਾ ਨੀਤੀਆਂ ਕਾਰਨ ਮਜ਼ਦੂਰਾਂ ਦੀ ਡਿਊਟੀ 8 ਘੰਟਿਆਂ ਤੋਂ ਵਧਾ ਕੇ 12 ਘੰਟੇ ਤੱਕ ਕੀਤੀ ਜਾ ਰਹੀ ਹੈ ਅਤੇ ਹੱਕਾਂ ਨੂੰ ਖਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ ਅਤੇ ਹੋਰ ਵਰਗ ਦੇ ਲੋਕ ਦੇਸ਼ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਕਰ ਰਹੇ ਹਨ ਅਤੇ ਅਜਿਹੇ ਸਮਾਗਮਾਂ ਰਾਹੀਂ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਸਮਾਗਮ ਦੌਰਾਨ “ਬਰਾਬਰ ਕੰਮ ਲਈ ਬਰਾਬਰ ਉਜਰਤ”, “ਰੋਜ਼ਗਾਰ ਦੀ ਗਾਰੰਟੀ” ਅਤੇ “ਅਮਨ ਤੇ ਹੱਕਾਂ ਦੀ ਰੱਖਿਆ” ਵਰਗੇ ਸੰਦੇਸ਼ ਦਿੱਤੇ ਗਏ।

ਇਸ ਮੌਕੇ ਰਾਮ ਲੁਭਾਇਆ ਮਜੀਠਾ, ਜੋਗਿੰਦਰ ਸਿੰਘ ਸੋਹੀ, ਗੁਰਨਾਮ ਸਿੰਘ ਡੱਡੀਆਂ, ਦਰਸ਼ਨ ਕੁਮਾਰ ਕਲੇਰ, ਗੁਰਮੇਜ ਸਿੰਘ ਸੋਹੀ, ਰਵੇਲ ਸਿੰਘ ਗੋਸਲ, ਦਲਵਿੰਦਰ ਸਿੰਘ ਸਪਾਰੀਵਿੰਡ ਅਤੇ ਬਲਵਿੰਦਰ ਸਿੰਘ ਰਾਮ ਦਿਵਾਲੀ ਸਮੇਤ ਹੋਰ ਹਾਜ਼ਰ ਸ਼ਖਸੀਅਤਾਂ ਨੇ ਭਰਵੇ ਇਕੱਠ ਨੂੰ ਸੰਬੋਧਨ ਕੀਤਾ।

# ਬੁੱਧ ਪੂਰਨਿਮਾ ਦੀ ਖ਼ੁਸ਼ੀ ਵਿੱਚ ਹੁਸ਼ਿਆਰ ਵਿਦਿਆਰਥੀ ਸਨਮਾਨਿਤ ਕੀਤੇ : ਢੋਸੀਵਾਲ

## ਸਥਾਨਕ ਸੰਜੇ ਨਗਰ ਸਕੂਲ 'ਚ ਕੀਤੀ ਮੀਟਿੰਗ




**ਫ਼ਰੀਦਕੋਟ ( ਸ਼ਿਵਨਾਥ )** ਦੁਨੀਆ ਵਿੱਚ ਸਭ ਤੋਂ ਜ਼ਿਆਦਾ ਮੰਨੇ ਜਾਣ ਵਾਲੇ ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਦਾ ਜਨਮ ਵਿਸਾਖ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ 563 ਈਸਵੀ ਪੂਰਵ ਲੁੰਬਨੀ (ਨੇਪਾਲ) ਵਿਖੇ ਹੋਇਆ। ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ (ਨਿਰਵਾਣ) ਵੀ ਵਿਸਾਖ ਦੀ ਪੂਰਨਮਾਸ਼ੀ ਨੂੰ ਹੋਈ ਸੀ ਅਤੇ ਲੰਬੀ ਉਮਰ ਭੋਗ ਕੇ ਵਿਸਾਖ ਦੀ ਪੂਰਨਮਾਸੀ ਨੂੰ ਪ੍ਰੀ-ਨਿਰਵਾਣ (ਅਕਾਲ ਚਲਾਣਾ) ਕਰ ਗਏ ਸਨ। ਮਹਾਤਮਾ ਬੁੱਧ ਦੇ ਜੀਵਨ ਦੀਆਂ ਉਕਤ ਤਿੰਨੇ ਮਹੱਤਵਪੂਰਨ ਘਟਨਾਵਾਂ ਵਿਸਾਖ ਦੀ ਪੂਰਨਮਾਸ਼ੀ ਨੂੰ ਹੋਣ ਕਰਕੇ ਹੀ ਇਹ ਦਿਨ 'ਬੁੱਧ ਪੂਰਨਿਮਾ' ਵਜੋਂ ਮਨਾਇਆ ਜਾਂਦਾ ਹੈ। ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਜ਼ਿਲ੍ਹਾ ਇਕਾਈ ਦੇ ਵਫ਼ਦ ਵੱਲੋਂ ਅੱਜ ਬੁੱਧ ਪੂਰਨਿਮਾ ਦੀਆਂ ਖ਼ੁਸ਼ੀਆਂ ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਸੰਜੇ ਨਗਰ ਦੇ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ ਗਈਆਂ। ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਮੈਡਮ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਮੈਡਮ ਰਵਿੰਦਰ ਕੌਰ ਨਰਸਿੰਗ ਸੁਪਰਡੈਂਟ (ਰ), ਗੋਬਿੰਦ ਕੁਮਾਰ ਸੁਪਰਡੈਂਟ, ਸ੍ਰੀ ਕ੍ਰਿਸ਼ਨ ਆਰ.ਏ., ਇੰਸਪੈਕਟਰ ਰਮੇਸ਼ ਕੁਮਾਰ, ਪ੍ਰੋ. ਮਲਕੀਤ ਸਿੰਘ ਮੰਮਣ, ਡਾ:ਹਰਪਾਲ ਸਿੰਘ, ਉਘੇ ਸਾਹਿਤਕਾਰ ਸ਼ਿਵਨਾਥ ਦਰਦੀ, ਜੀਤ ਸਿੰਘ ਸੰਧੂ ਹੈਡਮਾਸਟਰ, ਚਮਕੌਰ ਸਿੰਘ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਸਕੂਲ ਮੁੱਖ ਅਧਿਆਪਕ ਮੈਡਮ ਗੁਲਸ਼ਨ ਪ੍ਰਵੀਨ ਆਰੀਆ ਨੇ ਸਮੂਹ ਮੈਂਬਰਾਂ ਨੂੰ ਜੀ ਆਇਆ ਕਿਹਾ। ਉਪਰੰਤ ਟਰੱਸਟ ਵੱਲੋਂ ਬੁੱਧ ਪੂਰਨਿਮਾ ਦੀ ਖ਼ੁਸ਼ੀ ਵਿੱਚ ਸਕੂਲ ਦੀ ਹਰ ਕਲਾਸ ਦੇ ਹਰੇਕ ਸੈਕਸ਼ਨ ਵਿੱਚੋਂ ਪਹਿਲੀਆਂ ਪੰਜ ਪੁਜੀਸ਼ਨਾਂ ਹਾਸਲ ਕਰਨ ਵਾਲੇ ਰੋਹਿਤ ਕੁਮਾਰ, ਅਰਮਾਨ ਦੀਪ ਸਿੰਘ, ਕਰਨ ਸ਼ਾਹ, ਜੋਤੀ ਕੁਮਾਰੀ, ਗੀਤਾ ਕੁਮਾਰੀ, ਸ਼ੁਭਮ, ਆਇਸ਼ਾ, ਗੁਰਬਾਣੀ ਕੌਰ, ਸ਼ਿਵਾਂਸ਼ੂ, ਵੈਸ਼ਨਵੀ, ਕੈਰਵ, ਜੈਸਮੀਨ ਕੌਰ ਅਤੇ ਅਸਮੀਤ ਕੌਰ ਆਦਿ ਸਮੇਤ ਇੱਕ ਸੌ ਇੱਕ ਬੱਚਿਆਂ ਨੂੰ ਕਾਪੀਆਂ ਅਤੇ ਪੈਂਸਲਾਂ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਹੁਸ਼ਿਆਰ ਬੱਚਿਆਂ ਨੂੰ ਸਨਮਾਨਿਤ ਕਰਨ ਦੀ ਇਹ ਰਸਮ ਮੈਡਮ ਰਵਿੰਦਰ ਕੌਰ ਅਤੇ ਮੈਡਮ ਹੀਰਾਵਤੀ ਵੱਲੋਂ ਸਾਂਝੇ ਤੌਰ 'ਤੇ ਆਪਣੇ ਕਰ ਕਮਲਾਂ ਨਾਲ ਅਦਾ ਕੀਤੀ ਗਈ। ਇਸ ਸਮੇਂ ਸਕੂਲ ਮੁਖੀ ਸਮੇਤ ਅੰਮ੍ਰਿਤਪਾਲ ਚਾਵਲਾ, ਜਸਵੀਰ ਕੌਰ, ਸੁਰਿੰਦਰ ਕੁਮਾਰ, ਵੀਰਪਾਲ ਕੌਰ, ਸ਼ੈਲਜਾ, ਪਰਵਿੰਦਰ ਕੌਰ, ਸੁਰਜੀਤ ਕੌਰ, ਆਰਤੀ, ਸਿਮਰਜੀਤ ਕੌਰ, ਰਣਦੀਪ ਕੌਰ, ਰਾਜਿੰਦਰ ਕੌਰ, ਰਿਸ਼ੂ ਬਾਲਾ, ਸੀਮਾ ਰਾਣੀ ਅਤੇ ਸਭਿਅਤਾ ਦੇਵੀ ਸਮੇਤ ਸਮੁੱਚਾ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ। ਇਸ ਮੌਕੇ ਸ੍ਰੀ ਢੋਸੀਵਾਲ ਨੇ ਸਨਮਾਨਿਤ ਕੀਤੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਉਜਲੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਸਕੂਲ ਮੁਖੀ ਅਤੇ ਸਮੁੱਚੇ ਸਟਾਫ ਦੀ ਵਧੀਆ ਕਾਰਜਸ਼ੈਲੀ ਅਤੇ ਮਿਹਨਤੀ ਸੁਭਾਅ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਧਿਆਪਕ ਹੀ ਅਸਲ ਵਿੱਚ ਕੌਮ ਦਾ ਨਿਰਮਾਤਾ ਹੁੰਦਾ ਹੈ। ਮੀਟਿੰਗ ਦੇ ਅੰਤ ਵਿੱਚ ਸਕੂਲ ਮੁਖ ਅਧਿਆਪਕਾ ਮੈਡਮ ਗੁਲਸ਼ਨ ਪ੍ਰਵੀਨ ਆਰੀਆਂ ਨੇ ਬੁਧ ਪੂਰਨਿਮਾ ਦੇ ਪਵਿੱਤਰ ਦਿਹਾੜੇ 'ਤੇ ਲਾਰਡ ਬੁੱਧਾ ਟਰੱਸਟ ਵੱਲੋਂ ਕੀਤੇ ਗਏ ਇਸ ਵਧੀਆ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਸਮੁੱਚੇ ਟਰੱਸਟ ਨੂੰ ਵਧਾਈ ਦਿੱਤੀ।

# ਪੰਜਾਬ ਪੰਜਾਬੀਅਤ ਜ਼ਿੰਦਾਬਾਦ – ਸੁਨਹਿਰੀ ਭਵਿੱਖ ਵੱਲ ਇੱਕ ਕਦਮ

ਪੰਜਾਬ ਦੇ ਹਾਲਾਤ ਅੱਜ ਭਾਵੇਂ ਖਰਾਬ ਹੋ ਸਕਦੇ ਹਨ, ਪਰ ਇਸ ਦੀ ਕਿਸਮਤ ਕਦੇ ਖਰਾਬ ਨਹੀਂ ਹੋ ਸਕਦੀ। ਇਹੀ ਸੱਚ ਹੈ ਜੋ ਹਰ ਪੰਜਾਬੀ ਦੇ ਦਿਲ 'ਚ ਧੜਕਦਾ ਹੈ। ਅੱਜ ਪੰਜਾਬ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਉਸਨੇ ਪਹਿਲਾਂ ਹੀ ਅਣਗਿਣਤ ਦੁੱਖ ਝੱਲੇ ਹਨ, ਅਣਗਿਣਤ ਘਾਤ ਸਹੇ ਹਨ। ਵੰਡ ਦਾ ਦਰਦ, ਅੱਤਵਾਦ ਦਾ ਸੰਤਾਪ, ਪਾਣੀਆਂ ਦੀ ਲੁੱਟ, ਕਿਸਾਨੀ ਦਾ ਸੰਕਟ – ਪੰਜਾਬ ਨੇ ਸਭ ਕੁਝ ਹੰਢਾਇਆ ਹੈ। ਹੁਣ ਸਮਾਂ ਹੈ ਕਿ ਇਸ ਨੂੰ ਹੋਰ ਤੋੜਨ ਦਾ ਯਤਨ ਬੰਦ ਕੀਤਾ ਜਾਵੇ।

ਸਭ ਤੋਂ ਪਹਿਲੀ ਸ਼ਰਤ ਇਹ ਹੈ ਕਿ ਪੰਜਾਬ ਦੀ ਆਰਥਿਕਤਾ 'ਤੇ ਹੋਰ ਸੱਟ ਨਾ ਮਾਰੀ ਜਾਵੇ। ਸਾਡੇ ਉਦਯੋਗ ਪਹਿਲਾਂ ਹੀ ਬਿਜਲੀ ਕੱਟਾਂ, ਮਹਿੰਗੇ ਕਰਜ਼ਿਆਂ ਤੇ ਨੀਤੀਆਂ ਦੀ ਮਾਰ ਝੱਲ ਰਹੇ ਹਨ। ਜੇ ਫੈਕਟਰੀਆਂ ਬੰਦ ਹੋਣਗੀਆਂ ਤਾਂ ਰੋਜ਼ਗਾਰ ਕਿੱਥੋਂ ਆਊ? ਜੇ ਕਿਸਾਨ ਦੀ ਫਸਲ ਦਾ ਮੁੱਲ ਨਹੀਂ ਮਿਲੇਗਾ ਤਾਂ ਖੁਸ਼ਹਾਲੀ ਕਿੱਥੋਂ ਆਊ? ਇਸ ਲਈ ਕੇਂਦਰ ਹੋਵੇ ਜਾਂ ਸੂਬਾ ਸਰਕਾਰ, ਸਭ ਨੂੰ ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਨਵੇਂ ਉਦਯੋਗ ਲਿਆਓ, ਪੁਰਾਣਿਆਂ ਨੂੰ ਬਚਾਓ, ਨੌਜਵਾਨਾਂ ਨੂੰ ਹੁਨਰ ਦਿਓ।

ਦੂਜੀ ਵੱਡੀ ਗੱਲ – ਪੰਜਾਬ ਦੀ ਨੌਜਵਾਨੀ ਨੂੰ ਭੜਕਾਉਣਾ ਬੰਦ ਕਰੋ। ਸੋਸ਼ਲ ਮੀਡੀਆ 'ਤੇ "ਉੱਡਦਾ ਪੰਜਾਬ" ਦਾ ਠੱਪਾ ਲਾ ਕੇ ਸਾਰੀ ਕੌਮ ਨੂੰ ਬਦਨਾਮ ਕਰਨ ਨਾਲ ਕੁਝ ਨਹੀਂ ਬਣਨਾ। ਹਾਂ, ਨਸ਼ਾ ਇੱਕ ਸਮੱਸਿਆ ਹੈ, ਪਰ ਇਹ ਸਿਰਫ਼ ਪੰਜਾਬ ਦੀ ਨਹੀਂ, ਪੂਰੇ ਦੇਸ਼ ਦੀ ਹੈ। ਸਾਡੇ 99% ਨੌਜਵਾਨ ਮਿਹਨਤੀ ਹਨ, ਪੜ੍ਹਨਾ ਚਾਹੁੰਦੇ ਹਨ, ਖੇਡਾਂ 'ਚ ਨਾਂ ਕਮਾਉਣਾ ਚਾਹੁੰਦੇ ਹਨ, ਫੌਜ 'ਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨੀ ਚਾਹੁੰਦੇ ਹਨ। ਉਨ੍ਹਾਂ ਨੂੰ ਗਲਤ ਰਾਹ ਪਾਉਣ ਦੀ ਥਾਂ ਹੱਥ ਫੜ ਕੇ ਤੋਰਨ ਦੀ ਲੋੜ ਹੈ। ਨਸ਼ੇ ਦੇ ਸੌਦਾਗਰਾਂ ਨੂੰ ਫੜੋ, ਪਰ ਹਰ ਪੰਜਾਬੀ ਮੁੰਡੇ ਨੂੰ ਸ਼ੱਕ ਦੀ ਨਿਗਾਹ ਨਾਲ ਨਾ ਵੇਖੋ। ਇਸ ਦੇ ਨਾਲ ਹੀ ਪੰਜਾਬ ਦੇ ਨੌਜਵਾਨਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠਣ। ਅੱਜ ਹਰ ਮੁੱਦੇ ਨੂੰ ਕਾਂਗਰਸ-ਭਾਜਪਾ-ਆਪ-ਅਕਾਲੀ ਦੇ ਚਸ਼ਮੇ ਨਾਲ ਵੇਖਿਆ ਜਾਂਦਾ ਹੈ। ਪਰ ਪੰਜਾਬ ਦਾ ਦਰਦ ਕਿਸੇ ਇੱਕ ਪਾਰਟੀ ਦਾ ਨਹੀਂ, ਸਭ ਦਾ ਸਾਂਝਾ ਹੈ। ਪਾਣੀ ਦਾ ਮਸਲਾ ਹੋਵੇ, ਚੰਡੀਗੜ੍ਹ ਦਾ ਹੋਵੇ, ਜਾਂ ਕਿਸਾਨੀ ਦਾ – ਸਾਨੂੰ ਪੰਜਾਬੀ ਬਣ ਕੇ ਸੋਚਣਾ ਪਊ। ਜਦੋਂ ਅਸੀਂ ਬਟਵਾਰੇ ਦੀ ਲਕੀਰ ਨੂੰ ਭੁੱਲ ਕੇ "ਪੰਜਾਬ ਪਹਿਲਾਂ" ਦੀ ਸੋਚ ਅਪਣਾਵਾਂਗੇ, ਤਦ ਹੀ ਹਾਲਾਤ ਬਦਲਣਗੇ।

ਸਾਡਾ ਪੰਜਾਬ ਅੱਜ ਮਾੜੇ ਤੋਂ ਮਾੜੇ ਹਾਲਾਤ 'ਚੋਂ ਨਿਕਲ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਤਿਆਰ ਹੈ। ਇਸ ਧਰਤੀ ਨੂੰ ਸਾਡੇ ਪੁੱਤਾਂ-ਭਰਾਵਾਂ ਨੇ ਆਪਣੇ ਖੂਨ ਨਾਲ ਸਿੰਜਿਆ ਹੈ। ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਤੋਂ ਲੈ ਕੇ ਹਰੇਕ ਸ਼ਹੀਦ ਨੇ ਕੁਰਬਾਨੀ ਦਿੱਤੀ ਤਾਂ ਕਿ ਅਸੀਂ ਸਿਰ ਉੱਚਾ ਕਰਕੇ ਜੀ ਸਕੀਏ। ਹੁਣ ਸਾਡੀ ਵਾਰੀ ਹੈ। ਸਾਡਾ ਫਰਜ਼ ਹੈ ਕਿ ਅਸੀਂ ਇਮਾਨਦਾਰੀ ਨਾਲ ਮਿਹਨਤ ਕਰੀਏ, ਟੈਕਸ ਦੇਈਏ, ਰਿਸ਼ਵਤ ਨਾ ਲਈਏ ਨਾ ਦੇਈਏ, ਤੇ ਆਪਣੇ ਬੱਚਿਆਂ ਨੂੰ ਪੰਜਾਬ ਨਾਲ ਜੋੜ ਕੇ ਰੱਖੀਏ।

ਅੱਜ ਦੁੱਖ ਦੀ ਗੱਲ ਹੈ ਕਿ ਸਾਡੇ ਬੱਚਿਆਂ ਦਾ ਭਵਿੱਖ ਅਸੀਂ ਕਨੇਡਾ, ਆਸਟ੍ਰੇਲੀਆ, ਅਮਰੀਕਾ 'ਚ ਲੱਭ ਰਹੇ ਹਾਂ। ਹਰ ਮਾਂ-ਬਾਪ ਦਾ ਸੁਪਨਾ ਹੈ ਕਿ ਮੁੰਡਾ ਇਓਲਠਸ਼ ਕਰਕੇ ਬਾਹਰ ਚਲਾ ਜਾਵੇ। ਪਰ ਸੋਚੋ, ਜੇ ਸਾਰੇ ਹੀ ਚਲੇ ਗਏ ਤਾਂ ਪੰਜਾਬ 'ਚ ਰਹੇਗਾ ਕੌਣ? ਖੇਤ ਕੌਣ ਵਾਹੇਗਾ? ਸਕੂਲ 'ਚ ਪੜ੍ਹਾਊ ਕੌਣ? ਇਸ ਕਾਮਨਾ ਨਾਲ ਸਾਨੂੰ ਮਿਲ ਕੇ ਕੰਮ ਕਰਨਾ ਪਊ ਕਿ ਸਾਡੇ ਬੱਚਿਆਂ ਦਾ ਭਵਿੱਖ ਇਸੇ ਧਰਤੀ 'ਤੇ ਸੁਨਹਿਰੀ ਹੋਵੇ। ਇੱਥੇ ਰੋਜ਼ਗਾਰ ਹੋਵੇ, ਕਾਰੋਬਾਰ ਹੋਵੇ, ਇੱਜ਼ਤ ਹੋਵੇ।

ਇਸ ਲਈ ਪੰਜਾਬ ਨੂੰ ਅੱਜ ਮਹਾਰਾਜਾ ਰਣਜੀਤ ਸਿੰਘ ਵਰਗੇ ਸ਼ਾਸਕ ਦੀ ਲੋੜ ਹੈ – ਜੋ ਸਾਰੇ ਧਰਮਾਂ ਨੂੰ ਨਾਲ ਲੈ ਕੇ ਚੱਲੇ, ਜਿਸ ਦੇ ਰਾਜ 'ਚ ਕਿਸਾਨ ਖੁਸ਼ ਸੀ, ਵਪਾਰੀ ਖੁਸ਼ ਸੀ, ਤੇ ਤਲਵਾਰ ਵੀ ਮਿਆਨ 'ਚ ਸੀ ਤੇ ਕਲਮ ਵੀ ਚੱਲਦੀ ਸੀ। ਸਾਨੂੰ ਅਜਿਹੀ ਲੀਡਰਸ਼ਿਪ ਚਾਹੀਦੀ ਹੈ ਜੋ ਪੰਜਾਬ ਨੂੰ ਦਿੱਲੀ ਦੇ ਦਰਵਾਜ਼ੇ 'ਤੇ ਮੰਗਤਾ ਬਣਾ ਕੇ ਨਾ ਖੜ੍ਹਾ ਕਰੇ, ਸਗੋਂ ਆਪਣੇ ਬਲਬੂਤੇ ਸਿੱਖਰਾਂ 'ਤੇ ਲੈ ਜਾਵੇ। ਆਓ, ਅਸੀਂ ਸਾਰੇ ਪ੍ਰਣ ਕਰੀਏ ਕਿ ਨਫ਼ਰਤ ਛੱਡ ਕੇ, ਪਾਰਟੀਬਾਜ਼ੀ ਛੱਡ ਕੇ, ਸਿਰਫ਼ ਪੰਜਾਬ ਲਈ ਸੋਚਾਂਗੇ, ਪੰਜਾਬ ਲਈ ਜੀਵਾਂਗੇ। ਤਾਂ ਹੀ "ਪੰਜਾਬ ਪੰਜਾਬੀਅਤ ਜ਼ਿੰਦਾਬਾਦ" ਦਾ ਨਾਅਰਾ ਸਾਰਥਕ ਹੋਵੇਗਾ।



**ਗੁਰਜਿੰਦਰ ਸਿੰਘ ਸਿੱਧੂ**
**ਜ਼ਿਲਾ ਗੁਰਦਾਸਪੁਰ**

# ਗਰਮੀ ਤੋਂ ਬਚਾਅ ਅਤੇ ਤੁਰੰਤ ਐਨਰਜੀ ਲਈ

ਗਰਮੀਆਂ ਸ਼ੁਰੂ ਹੋ ਗਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਲੂਅ ਚੱਲਣ ਦੀ ਵੀ ਸੰਭਾਵਨਾ ਹੈ । ਜਿਹਨਾਂ ਲੋਕਾਂ ਦੀ ਤਾਸੀਰ ਗਰਮ ਹੈ ਅਤੇ ਗਰਮੀਆਂ ਵਿੱਚ ਉਹ ਬਹੁਤ ਜ਼ਿਆਦਾ ਗਰਮੀ ਮਹਿਸੂਸ ਸਕਦੇ ਹਨ , ਉਹਨਾਂ ਵਾਸਤੇ ਸਾਡਾ ਇਹ ਵਿਰਾਸਤੀ ਪੇਅ ਬਹੁਤ ਹੀ ਗੁਣਕਾਰੀ ਹੈ , ਜਿਹੜਾ ਪ੍ਰੋਟੀਨ ਅਤੇ ਕੈਲਸ਼ੀਅਮ ਨਾਲ ਭਰਪੂਰ ਹੁੰਦਾ ਹੈ ਅਤੇ ਤੁਰੰਤ ਐਨਰਜੀ ਦੇਣ ਦੇ ਨਾਲ ਨਾਲ ਸਰੀਰ ਨੂੰ ਅੰਦਰੂਨੀ ਅਤੇ ਬਾਹਰੀ ਠੰਢਕ ਪਹੁੰਚਾ ਕੇ ਗਰਮੀ ਤੋਂ ਰਾਹਤ ਪ੍ਰਦਾਨ ਕਰਦਾ ਹੈ ।



ਭੁੱਜੇ ਛੋਲੇ ਸਾਨੂੰ ਬਾਜ਼ਾਰ ਵਿੱਚੋਂ ਆਸਾਨੀ ਨਾਲ ਮਿਲ ਜਾਂਦੇ ਹਨ , ਚਾਹੇ ਛਿਲਕੇ ਵਾਲੇ ਜਾਂ ਛਿਲਕੇ ਤੋਂ ਬਿਨ੍ਹਾਂ । ਦੋਵੇਂ ਹੀ ਵਧੀਆ ਹੁੰਦੇ ਹਨ । ਅਗਰ ਤੁਸੀਂ ਇਹਨੂੰ ਨੂੰ ਘਰ ਭੁੰਨ੍ਹਣਾ ਚਾਹੋ ਤਾਂ ਖੁਦ ਵੀ ਭੁੰਨ੍ਹ ਸਕਦੇ ਹੋ । ਛੋਲੇ ਲੈ ਕੇ ਉਹਨਾਂ ਨੂੰ ਸੱਤ ਅੱਠ ਘੰਟੇ ਲਈ ਪਾਣੀ ਵਿੱਚ ਭਿਉਂ ਦਿਓ , ਜਦੋਂ ਉਹ ਫੁੱਲ ਜਾਣ ਤਾਂ ਉਹਨਾਂ ਨੂੰ ਪਾਣੀ ਵਿੱਚੋਂ ਕੱਢ ਕੇ ਸੁਕਾ ਲਓ ਅਤੇ ਨਮਕ ਜਾਂ ਰੇਤਾ ਵਿੱਚ ਉਦੋਂ ਤੱਕ ਭੁੰਨੋ ਜਦੋਂ ਤੱਕ ਉਹਨਾਂ ਦੇ ਛਿਲਕੇ ਫਟਣੇ ਨਾ ਸ਼ੁਰੂ ਹੋ ਜਾਣ ।

ਬੱਸ ਫਿਰ ਇਹਨਾਂ ਛੋਲਿਆਂ ਨੂੰ ਅਗਰ ਛਿਲਕੇ ਤੋਂ ਬਿਨ੍ਹਾਂ ਚਾਹੁੰਦੇ ਹੋ ਤਾਂ ਕਿਸੇ ਕੱਪੜੇ ਵਿੱਚ ਪਾ ਕੇ ਰਗੜੋ ਅਤੇ ਛਿਲਕਾ ਉਤਾਰ ਲਓ । ਛਿਲਕੇ ਸਮੇਤ ਜਾਂ ਛਿਲਕਾ ਉਤਾਰ ਕੇ ਇਹਨਾਂ ਨੂੰ ਬਾਰੀਕ ਪੀਸ ਲਓ । ਤੁਹਾਡਾ ਛੋਲਿਆਂ ਦਾ ਸੱਤੂ ਤਿਆਰ ਹੈ ।

ਹੁਣ ਇਹਨੂੰ , ਲੱਸੀ , ਦੁੱਧ ਅਤੇ ਪਾਣੀ ਵਰਗੇ ਕਿਸੇ ਵੀ ਤਰਲ ਵਿੱਚ ਮਿਲਾ ਕੇ ਪੀ ਸਕਦੇ ਹੋ । ਜਿਹੜੇ ਮਿੱਠਾ ਪਸੰਦ ਕਰਦੇ ਹਨ , ਉਹ ਆਪਣੇ ਹਿਸਾਬ ਨਾਲ , ਚੀਨੀ , ਮਿਸ਼ਰੀ , ਸ਼ੱਕਰ ਜਾਂ ਗੁੜ ਮਿਲਾ ਕੇ ਪੀ ਸਕਦੇ ਹਨ । ਬਾਕੀ ਲੋਕ ਕਾਲਾ ਨਮਕ , ਕਾਲੀ ਮਿਰਚ ਜਾਂ ਆਪਣੀ ਪਸੰਦ ਦਾ ਕੋਈ ਹੋਰ ਮਸਾਲਾ ਮਿਲਾ ਕੇ ਵੀ ਪੀ ਸਕਦੇ ਹਨ ।

**ਨੋਟ : ਇਸ ਸੱਤੂ ਨੂੰ ਹਵਾ ਬੰਦ ਡੱਬੇ ਵਿੱਚ ਰੱਖੋ ਅਤੇ ਸਾਰੀ ਗਰਮੀਆਂ ਅਨੰਦ ਮਾਣੋ । ਸਸਤਾ ਅਤੇ ਪੌਸ਼ਟਿਕ ਸੁਪਰਫੂਡ ਜ਼ਰੂਰ ਵਰਤੋ।**

**ਡਾਕਟਰ ਇੰਦਰਜੀਤ ਕਮਲ**

## ਕਿਉਂ ਗਿਣਤੀ ਵਿੱਚ ਨਾ ਆਇਆ ਏ ?

ਜਿਸ ਕੋਠੀ ਦੇ ਵਿੱਚ ਰਹਿੰਦੇ ਹਾਂ।
ਸੋਫ਼ੇ, ਕੁਰਸੀ 'ਤੇ ਬਹਿੰਦੇ ਹਾਂ।
ਬੈੱਡਾਂ, ਮੰਜਿਆ 'ਤੇ ਪੈਂਦੇ ਹਾਂ।
ਇਹ ਸਭ ਕੁੱਝ ਜੀਹਨੇ ਬਣਾਇਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ ?
ਇਹ ਸੜਕਾਂ ਦਾ ਜੋ ਜਾਲ਼ ਦਿੱਸੇ
ਤੇ ਪੁਲ਼ਾਂ ਵਾਲ਼ਾ ਵੀ ਨਾਲ਼ ਦਿੱਸੇ।
ਲੁੱਕ, ਬਜਰੀ ਰਲ਼ਿਆ ਮਾਲ ਦਿੱਸੇ।
ਪਰ ਮੁੜਕਾ ਜਿਸ ਵਿੱਚ ਪਾਇਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ ?
ਇਹ ਭੱਜਦੀਆਂ ਗੱਡੀਆਂ, ਕਾਰਾਂ ਜੋ
ਤੇ ਭਰਨ ਜਹਾਜ਼ ਉਡਾਰਾਂ ਜੋ।
ਰੇਲਾਂ ਦੀਆਂ ਲੱਗੀਆਂ ਲਾਰਾਂ ਜੋ।
ਜਿਸ ਲੋਹਾ ਇਹ ਪਿਘਲਾਇਆ ਏ ?
ਕਦੇ ਗਿਣਤੀ ਵਿੱਚ ਵੀ ਆਇਆ ਏ ?
ਪਾਣੀ, ਸਪਰੇਹਾਂ ਲਾਉਣ ਵਾਲ਼ਾ।
ਅੰਨ, ਦਾਲਾਂ ਆਦਿ ਉਗਾਉਣ ਵਾਲ਼ਾ।
ਕੱਢਣ, ਲੱਦਣ ਤੇ ਲਾਹੁਣ ਵਾਲ਼ਾ।
ਜਿਸ ਖੁਦ ਨੂੰ ਹਰਦਮ ਵਾਹਿਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ ?
ਜੋ ਲੋੜਾਂ ਲਈ ਮਜ਼ਬੂਰ ਸਦਾ।
ਥੋੜਾਂ ਵਿੱਚ ਹੀ ਭਰਪੂਰ ਸਦਾ।
ਰੋਮੀਆਂ ਮਜੇ ਤੋਂ ਦੂਰ ਸਦਾ।
ਕਦੇ ਧਿਆਨ ਘੜਾਮੇਂ ਲਾਇਆ ਏ।
ਕਿਉਂ ਗਿਣਤੀ ਵਿੱਚ ਨਾ ਆਇਆ ਏ ?



**ਰੋਮੀ ਘੜਾਮਾਂ।**
**7717380107**






# ਭੂਆ ਦਾ ਮੁੰਡਾ ਸੱਤਪਾਲ

ਆਪਣੇ ਮੂਲ ਸ਼ਹਿਰ ਡੱਬਵਾਲੀ ਤੋਂ ਕੋਈ ਦਸ ਹਜ਼ਾਰ ਕਿੱਲੋਮੀਟਰ ਦੂਰ ਸਾਊਥ ਆਸਟਰੇਲੀਆ ਦੀ ਰਾਜਧਾਨੀ ਹੇਕਟੋਰਵਿਲਾ ਵਿੱਚ ਬੈਠਿਆ ਬੈਠਿਆਂ ਨੂੰ ਮੇਰੀ ਸੋਚ ਮੈਨੂੰ ਮੇਰੇ ਬਚਪਨ ਦੇ ਉਸ ਮੋੜ ਤੇ ਲੈ ਗਈ ਜਦੋਂ ਛੋਟੇ ਹੁੰਦੇ ਅਸੀਂ ਚਾਚੇ ਤਾਏ,ਮਾਮੇ ਮਾਸੀ ਤੇ ਭੂਆ ਦੇ ਮੁੰਡਿਆਂ ਨਾਲ ਖੇਡਦੇ ਹੁੰਦੇ ਸੀ। ਅਕਸਰ ਹੀ ਜੁਆਕ ਨਾਨਕੇ ਭੂਆ ਮਾਸੀਆਂ ਕੋਲ੍ਹ ਛੁੱਟੀਆਂ ਵਿੱਚ ਰਹਿਣ ਜਾਂਦੇ।ਓਦੋਂ ਕਈ ਕਈ ਦਿਨ ਮੈਂ ਆਪਣੇ ਨਾਨਕੇ ਲਗਾ ਆਉਂਦਾ ਤੇ ਕਈ ਕਈ ਦਿਨ ਮੇਰੀ ਭੂਆ ਦਾ ਮੁੰਡਾ ਸੱਤਪਾਲ ਗਰੋਵਰ ਆਪਣੇ ਨਾਨਕੇ ਲਗਾ ਜਾਂਦਾ। ਨਾਨੀ ਮੈਂ ਵੀ ਨਹੀਂ ਵੇਖੀ ਤੇ ਉਸਨੇ ਵੀ ਨਹੀਂ ਵੇਖੀ। ਸਾਨੂੰ ਦੋਹਾਂ ਨੂੰ ਆਪਣੇ ਸਖਤ ਨਾਨਿਆਂ ਅਤੇ ਨਰਮ ਮਾਮਿਆਂ ਤੋਂ ਰੱਜਵਾਂ ਪਿਆਰ ਮਿਲਿਆ ਹੈ। ਸੱਤਪਾਲ ਮੇਰੀ ਛੋਟੀ ਭੂਆ ਮਾਇਆ ਰਾਣੀ ਦੀਆਂ ਤਿੰਨ ਬੇਟੀਆਂ ਦਾ ਇਕਲੌਤਾ ਭਰਾ ਹੈ। ਸੱਤਪਾਲ ਦਾ ਸੁਭਾਅ ਸ਼ੁਰੂ ਤੋਂ ਹੀ ਨਰਮ ਅਤੇ ਹਰ ਇੱਕ ਦਾ ਕਹਿਣਾ ਮੰਨਣ ਵਾਲਾ ਹੈ। ਬਚਪਨ ਤੋਂ ਹੀ ਸ਼ਹਿਰ ਵਿੱਚ ਰਹਿਣ ਵਾਲੇ ਸੱਤਪਾਲ ਵਿੱਚ ਪੇਂਡੂਆਂ ਵਰਗੀ ਸਾਦਗੀ ਤੇ ਭੋਲਾਪਨ ਹੈ। ਉਸ ਨੂੰ ਸ਼ਹਿਰ ਵਾਲੀਆਂ ਬਹੁਤੀਆਂ ਚਤੁਰ ਚਲਾਕੀਆਂ ਨਹੀਂ ਆਉਂਦੀਆਂ। ਭਾਵੇਂ ਸੱਤਪਾਲ ਨੇ ਬਹੁਤੀ ਗਰੀਬੀ ਦੇਖੀ ਨਹੀਂ ਤੇ ਕਦੇ ਗੁਲਛਰੇ ਉਡਾਉਣ ਦਾ ਮੌਕਾ ਨਹੀਂ ਮਿਲਿਆ। ਆਪਣੀ ਆਮਦਨੀ ਦੇ ਸੀਮਤ ਸਾਧਨਾਂ ਦੇ ਬਾਵਜੂਦ ਉਹ ਹਰੇਕ ਨਾਲ ਚੰਗਾ ਵਰਤਿਆ ਤੇ ਹਰੇਕ ਦੇ ਕੰਮ ਆਇਆ ਹੈ। ਨਾਨਕੇ ਦਾਦਕਿਆਂ ਦੇ ਕਿਸੇ ਬਿਮਾਰੀ ਸਮੇਂ ਅਖੇ "ਲੈ ਚਲੋ ਸਤਪਾਲ ਨੂੰ ਨਾਲ।" ਫਿਰ ਉਹ ਕਈ ਕਈ ਦਿਨ ਹਸਪਤਾਲ ਨਾਲ ਰਹਿੰਦਾ। ਕਿਉਂਕਿ ਉਹ ਤਜ਼ੁਰਬਾ ਅਧਾਰਿਤ ਡਾਕਟਰ ਜੋ ਹੈ। ਬਹੁਤ ਵਾਰੀ ਮੇਰੇ ਚਾਚਾ ਜੀ ਦੇ ਇਲਾਜ ਵੇਲੇ ਸੱਤਪਾਲ ਨੇ ਉਸਦਾ ਸਾਥ ਦਿੱਤਾ ਤੇ ਮੇਰੇ ਜੀਜਾ ਜੀ ਦੀ ਬਿਮਾਰੀ ਵੇਲੇ ਵੀ



ਸੱਤਪਾਲ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਭੁੱਲਣਾ ਸੁਖਾਲਾ ਨਹੀਂ। ਓਦੋਂ ਇਹ ਫਰਿਸ਼ਤਾ ਬਣ ਬੋਹੜਿਆ। ਜਿਵੇਂ ਕਹਿੰਦੇ ਮਾਂ ਦਾ ਕਰਜ਼ ਨਹੀਂ ਉਤਾਰਿਆ ਜ਼ਾ ਸਕਦਾ ਤੇ ਸੱਤਪਾਲ ਦਾ ਕਰਜ਼ ਵੀ ਉਸ ਕਰਜ਼ ਵਰਗਾ ਹੈ। ਸੱਤਪਾਲ ਬਾਰੇ ਲਿਖਦਿਆਂ ਹੋਇਆਂ ਜੇ ਮੈਂ ਉਸ ਦੀ ਜੀਵਨਸਾਥਣ ਬੀਬਾ ਗੁਰਮੀਤ ਕੌਰ ਦਾ ਜਿਕਰ ਨਾ ਕਰਾਂ ਤਾਂ ਇਹ ਵੱਡੀ ਗੁਸਤਾਖੀ ਹੋਵੇਗੀ। ਇਹ ਵੀ ਰੱਬ ਨੇ ਦੇਵ ਨੂੰ ਦੇਵੀ ਬਖਸ਼ਕੇ ਧੁਰੋਂ ਸੰਯੋਗ ਬਣਾਇਆ ਹੈ। ਸੱਤਪਾਲ ਦੀ ਸਖਸ਼ੀਅਤ ਪਿੱਛੇ ਮਾਪਿਆਂ ਤੋਂ ਮਿਲੇ ਸੰਸਕਾਰਾਂ ਦਾ ਅਸਰ ਤਾਂ ਹੈ ਹੀ। ਉਥੇ ਉਹਨਾਂ ਸੰਸਕਾਰਾਂ ਨੂੰ ਅਪਨਾਉਣ ਲਈ ਪ੍ਰੇਰਿਤ ਕਰਨ ਵਾਲੀ ਗੁਰਮੀਤ ਕੌਰ ਦਾ ਵੀ ਬਰਾਬਰ ਦਾ ਯੋਗਦਾਨ ਹੈ। ਜਿੱਥੇ ਸੱਤਪਾਲ ਨੇ ਆਪਣੇ ਮਾਂ ਪਿਓ ਦੀ ਅਖੀਰਲੇ ਸਮੇਂ ਤੱਕ ਅਣਥੱਕ ਸੇਵਾ ਕੀਤੀ ਉਥੇ ਉਸਨੇ ਆਪਣੀਆਂ ਭੈਣਾਂ ਨੂੰ ਸੰਭਾਲਣ ਵਿੱਚ ਕਦੇ ਉਕਤਾਈ ਨਹੀਂ ਦਿਖਾਈ। ਮੈਂ ਅਤੇ ਸੱਤਪਾਲ ਅਸੀਂ ਦੋਨੋਂ ਹੀ ਧੀ ਤੋਂ ਸੱਖਣੇ ਹਾਂ ਤੇ ਸਾਡੇ ਦੋ ਦੋ ਬੇਟੇ ਤੇ ਦੋ ਦੋ ਬੇਟੀਆਂ (ਨੂੰਹਾਂ) ਹਨ। ਜੋ ਸਾਨੂੰ ਓਹੀ ਸਤਿਕਾਰ ਦਿੰਦੀਆਂ ਹਨ। ਕਹਿੰਦੇ ਭੈਣਾਂ ਤੇ ਪੋਤੀਆਂ ਵੀ ਧੀਆਂ ਵਾਂਗੂ ਉਸੇ ਘਰ ਦੀਆਂ ਜਾਈਆਂ ਹੁੰਦੀਆਂ ਹਨ।

ਸੱਤਪਾਲ ਨੂੰ ਚੇਤੇ ਕਰਕੇ ਫੋਨ ਮਿਲਾਇਆ ਤੇ ਨੈੱਟਵਰਕ ਪ੍ਰਾਬਲਮ ਕਰਕੇ ਫੋਨ ਮਿਲਿਆ ਨਹੀਂ। ਫਿਰ ਮਨ ਕਹਿੰਦਾ ਫੋਨ ਨਹੀਂ ਤਾਂ ਦਿਲ ਦੀ ਆਵਾਜ਼ ਨੂੰ ਅੱਖਰਾਂ ਦਾ ਰੂਪ ਦੇਦੇ। ਇਹ ਵੀ ਕਿਸੇ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕਰਨ ਦਾ ਬੇਹਤਰ ਤਰੀਕਾ ਹੁੰਦਾ ਹੈ।



ਰਮੇਸ ਸੇਠੀ ਬਾਦਲ
9876627233

# ਮਨੁੱਖ ਦੀ ਨਾ ਸਮਝੀ ....!!!

ਅੱਤ ਦੀ ਗਰਮੀ ਸਮੇਂ ਜੰਗਲ ਵਿੱਚ ਮਿੱਟੀ ਦੇ ਇੱਕ ਸਕੋਰੇ ਵਿੱਚ ਪਾਣੀ ਦੇਖ ਕੇ ਪੰਛੀ ਖ਼ੁਸ਼ ਹੋ ਕੇ ਪਾਣੀ ਪੀਣ ਲੱਗ ਪਏ ਤੇ ਗਰਮੀ ਤੋਂ ਬਚਣ ਲਈ ਉੱਡ ਕੇ ਇੱਕ ਦਰਖ਼ਤ ਦੀਆਂ ਸੰਘਣੀਆਂ ਟਾਹਣੀਆਂ ਵਿੱਚ ਬੈਠ ਕੇ ਛੁਪ ਗਏ। ਸੂਰਜ ਅੱਗ ਵਰਸਾ ਰਿਹਾ ਸੀ। ਪੰਛੀ ਗੱਲਾਂ ਕਰ ਰਹੇ ਸਨ , " ਇੰਨੀ ਗਰਮੀ ਵਿੱਚ ਕੋਈ - ਕੋਈ ਇਨਸਾਨ ਰੱਬੀ-ਫਰਿਸ਼ਤਾ ਬਣ ਕੇ ਸਾਨੂੰ ਭੋਜਨ - ਪਾਣੀ ਦੇ ਰਿਹਾ ਹੈ ਤੇ ਅੱਤ ਦੀ ਇਸ ਭਿਆਨਕ ਗਰਮੀ ਤੋਂ ਸਾਡਾ ਬਚਾਅ ਕਰ ਰਿਹਾ ਹੈ। ਕੋਈ - ਕੋਈ ਮਨੁੱਖ ਪੌਦੇ ਵੀ ਲਗਾ ਰਿਹਾ ਹੈ। ਪਰ ਬਹੁਤੇ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਲਾਲਚ ਵਿੱਚ ਆ ਕੇ ਦਰੱਖਤਾਂ ਨੂੰ ਕੱਟ ਰਹੇ ਹਨ ਤੇ ਕੁਦਰਤ ਦਾ ਸੰਤੁਲਨ ਵੀ ਖਰਾਬ ਕਰ ਰਹੇ ਹਨ।" ਇੱਕ ਪੰਛੀ ਨੇ ਕਿਹਾ , " ਸਾਰੇ ਮਨੁੱਖ ਇੱਕੋ ਜਿਹੇ ਨਹੀਂ ਹਨ। ਚੰਗੇ ਮਨੁੱਖਾਂ ਕਰਕੇ ਇਹ ਧਰਤੀ ਟਿਕੀ ਹੋਈ ਹੈ ਤੇ ਕੁਦਰਤ ਦਾ ਸੰਤੁਲਨ ਬਣਿਆ ਹੋਇਆ ਹੈ।" ਅਜੇ ਉਸ ਪੰਛੀ ਦੀ ਗੱਲ ਚੱਲ ਹੀ ਰਹੀ ਸੀ ਕਿ ਇੱਕ ਜ਼ੋਰਦਾਰ ਆਵਾਜ ਆਈ ਤੇ ਇੱਕ ਦਰੱਖਤ ਧਰਤੀ 'ਤੇ ਡਿੱਗ ਗਿਆ। ਪੰਛੀਆਂ ਨੇ ਦੇਖਿਆ ਕਿ ਕੁਝ ਮਨੁੱਖ ਵੱਡੇ - ਵੱਡੇ ਆਰੇ



ਤੇ ਕੁਹਾੜੀਆਂ ਲੈ ਕੇ ਦਰੱਖਤਾਂ ਨੂੰ ਕੱਟ ਰਹੇ ਸਨ। ਸਾਰੇ ਪਾਸੇ ਹਾਹਾਕ-ਾਰ ਮਚ ਗਈ। ਦੂਰ ਹੀ ਇੱਕ ਮਨੁੱਖ ਨੇ ਜੰਗਲ ਵਿੱਚ ਅੱਗ ਵੀ ਲਗਾ ਦਿੱਤੀ ਸੀ। ਅਚਾਨਕ ਘੁੱਗੀ ਦੀ ਨਜ਼ਰ ਡਿੱਗੇ ਹੋਏ ਦਰੱਖ਼ਤ 'ਤੇ ਲਟਕੇ ਹੋਏ ਆਪਣੇ ਆਲਣੇ 'ਚ ਟੁੱਟੇ ਹੋਏ ਅੰਡਿਆਂ ਅਤੇ ਮਰੇ ਹੋਏ ਬੱਚੇ 'ਤੇ ਪਈ ਤੇ ਉਹ ਹਉਕੇ ਲੈ ਕੇ ਰੋਣ ਲੱਗੀ। ਦੁਖੀ ਹੋਈ ਘੁੱਗੀ ਨੇ ਕੁਦਰਤ ਦੀ ਤਬਾਹੀ ਕਰ ਰਹੇ ਮਨੁੱਖ ਨੂੰ ਭਰੇ ਮਨ ਨਾਲ਼ ਕਿਹਾ, " ਇੱਕ ਦਿਨ ਤੇਰੇ ਘਰ ਵੀ ਟੁੱਟਣਗੇ ਤੇ ਤੇਰਾ ਪਰਿਵਾਰ ਵੀ ਉੱਜੜੇਗਾ। ਕੁਦਰਤ ਤੇਰੇ ਕੋਲੋਂ ਬਦਲਾ ਜ਼ਰੂਰ ਲਵੇਗੀ ਤੇ ਭਾਰੀ ਕਹਿਰ ਢਾਹੇਗੀ ।" ਇੰਨੀ ਕਹਿਣ ਦੀ ਦੇਰ ਸੀ ਕਿ ਜੰਗਲ ਵਿੱਚ ਲੱਗੀ ਅੱਗ ਨੇ ਉਸ ਘੁੱਗੀ ਨੂੰ ਆਪਣੇ ਲਪੇਟੇ 'ਚ ਲੈ ਕੇ ਰਾਖ ਕਰ ਦਿੱਤਾ। ਪਰ ਘੁੱਗੀ ਦੀਆਂ ਦੁਰਅਸੀਸਾਂ ਮਨੁੱਖ ਦੇ ਜੀਅ ਦਾ ਜੰਜ਼ਾਲ਼ ਬਣਨ ਲੱਗ ਪਈਆਂ। ਕੁਦਰਤ ਮਨੁੱਖ 'ਤੇ ਆਪਣਾ ਕਹਿਰ ਢਾਹੁਣ ਲੱਗ ਪਈ। ਪੰਛੀ ਸੋਚ ਰਹੇ ਸਨ ਕਿ ਮਨੁੱਖ ਹੁਣ ਤੱਕ ਵੀ ਇੰਨਾ ਨਾਸਮਝ ਕਿਉਂ ਬਣਿਆ ਹੋਇਆ ਹੈ ? ਪਰ ਇਸ ਪ੍ਰਸ਼ਨ ਦਾ ਉੱਤਰ ਉਨ੍ਹਾਂ ਨੂੰ ਅਜੇ ਤੱਕ ਨਹੀਂ ਸੀ ਲੱਭਿਆ।



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
( ਇੰਡੀਆ ਬੁੱਕ ਆਫ਼ ਰਿਕਾਰਡਜ਼ ਹੋਲਡਰ )
ਸ਼੍ਰੀ ਅਨੰਦਪੁਰ ਸਾਹਿਬ
9478561356

# "ਲੇਬਰ ਡੇਅ"(ਕਹਾਣੀ)





ਸੇਠ ਜਨਕ ਰਾਜ ਦੀ ਪਹਿਲਾਂ ਕਰਿਆਨੇ ਦੀ ਛੋਟੀ ਜਿਹੀ ਦੁਕਾਨ ਸੀ ਪਰ ਹੁਣ ਦੁਕਾਨ ਨਹੀਂ ਰਹੀ ਸੀ ਬਲਕਿ ਸ਼ਹਿਰ ਦਾ ਇੱਕ ਵੱਡਾ ਸ਼ੋਅ ਰੂਮ ਬਣ ਗਿਆ ਸੀ ਜਿਸ ਵਿੱਚ ਲੱਗ ਭੱਗ ਘਰੇਲੂ ਵਰਤੋਂ ਦਾ ਹਰ ਕਿਸਮ ਦਾ ਸਮਾਨ ਸੀ।ਉਸ ਵਿੱਚ ਤਕਰੀਬਨ ਪੱਚੀ ਤੀਹ ਕਰਿੰਦੇ ਕੰਮ ਕਰਦੇ ਸਨ। ਉਸ ਵਿੱਚ ਅਠਾਰਾਂ ਸਾਲ ਦੇ ਕਿਸ਼ੋਰ ਤੋਂ ਲੈਕੇ ਪੈਂਹਠ ਸੱਤਰ ਸਾਲ ਦੇ ਬਜ਼ੁਰਗ ਤੱਕ ਕੰਮ ਕਰਦੇ ਸਨ। ਸੇਠ ਦੇ ਨਾਲ ਉਸ ਦਾ ਪੁੱਤਰ ਵੀ ਬੈਠਦਾ ਸੀ।ਪਰ ਉਹ ਦੋਵੇਂ ਪਿਓ ਪੁੱਤ ਤਾਂ ਅਲੱਗ ਬਣੇ ਕੈਬਿਨ ਵਿੱਚ ਹਿਸਾਬ ਕਿਤਾਬ ਕਰਨ ਵਾਲੇ ਕਰਮਚਾਰੀ ਤੇ ਨਿਗਾਹ ਰੱਖਦੇ ਸਨ। ਕਰਿੰਦਿਆਂ ਵਿੱਚ ਵੀ ਜਿਹੜੇ ਦਸ ਜਮਾਤਾਂ ਪੜ੍ਹੇ ਹੋਏ ਸਨ ਤੇ ਹੱਟੇ ਕੱਟੇ ਸਨ ਉਹ ਵਿਚਾਰੇ ਗ਼ਰੀਬ ਤੇ ਮਜ਼ਬੂਰ ਮਰੀਅਲ ਜਿਹੇ ਮਜ਼ਦੂਰਾਂ ਤੇ ਰੋਹਬ ਪਾ ਕੇ ਰੱਖਦੇ ਤੇ ਉਹਨਾਂ ਤੋਂ ਆਪਣੇ ਹਿੱਸੇ ਦਾ ਕੰਮ ਵੀ ਕਰਵਾਈ ਜਾਂਦੇ।

ਸੇਠ ਜਨਕ ਰਾਜ ਨੇ ਇੱਕ ਮਈ ਨੂੰ ਸ਼ਾਮ ਨੂੰ ਮਜ਼ਦੂਰਾਂ ਨੂੰ ਪਾਰਟੀ ਕੀਤੀ ਜਿਸ ਵਿੱਚ ਚਾਹ ਦੇ ਨਾਲ ਇੱਕ ਇੱਕ ਸਮੋਸਾ ਅਤੇ ਬਰਫ਼ੀ ਦੀ ਟੁਕੜੀ ਪੁਰਾਣੇ ਅਖ਼ਬਾਰਾਂ ਦੇ ਟੁਕੜਿਆਂ ਤੇ ਰੱਖ ਕੇ ਪਰੋਸੇ ਗਏ। ਉਪਰਲੇ ਦਰਜੇ ਦੇ ਕਰਮਚਾਰੀਆਂ ਨੂੰ ਤਾਂ ਸਮਝ ਸੀ ,ਵਿਚਾਰੇ ਹੇਠਲੇ ਪੱਧਰ ਦੇ ਮਜ਼ਦੂਰ ਇਸ ਗੱਲੋਂ ਅਣਜਾਣ ਸਨ ਕਿ ਅੱਜ ਉਹਨਾਂ ਦੇ ਮਾਲਕ ਨੇ ਕਿਹੜੀ ਖੁਸ਼ੀ ਵਿੱਚ ਪਾਰਟੀ ਦਿੱਤੀ ਸੀ। ਸੇਠ ਨੇ ਇਸ "ਪਾਰਟੀ" ਵਿੱਚ ਸ਼ਹਿਰ ਦੇ ਕੁਝ ਪਤਵੰਤੇ ਸੱਜਣ ਵੀ ਬੁਲਾਏ। ਉਹਨਾਂ ਸਭ ਲਈ ਹੋਰ ਤਰ੍ਹਾਂ ਦੀਆਂ ਮਹਿੰਗੀਆਂ ਮਠਿਆਈਆਂ ਅਤੇ ਹੋਰ ਤਰ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਵੱਖ਼ਰੇ ਤੌਰ ਤੇ ਸਜਾ ਕੇ ਪਰੋਸੀਆਂ ਗਈਆਂ। ਕੁਝ ਪੱਤਰਕਾਰ ਬੁਲਾਏ ਗਏ। ਕੁਛ ਮਜ਼ਦੂਰਾਂ ਨੂੰ ਛੋਟੇ ਛੋਟੇ ਪੈਕੇਟ ਰੰਗਦਾਰ ਕਾਗਜ਼ ਵਿੱਚ ਲਪੇਟ ਕੇ ਵੰਡਦਿਆਂ ਦੀਆਂ ਫੋਟੋਆਂ ਖਿੱਚੀਆਂ ਗਈਆਂ।ਜਦ ਸਾਰੇ ਚਲੇ ਗਏ , ਮੂਹਰਲੇ ਕਰਿੰਦਿਆਂ ਨੇ ਉਹ ਸਾਰੇ ਪੈਕੇਟ ਉਹਨਾਂ ਮਜ਼ਦੂਰਾਂ ਤੋਂ ਫੜ ਕੇ ਇੱਕ ਪਾਸੇ ਰੱਖ ਦਿੱਤੇ ਕਿਉਂਕਿ ਉਹ ਖਾਲੀ ਡੱਬਿਆਂ ਤੇ ਰੰਗਲਾ ਕਾਗਜ਼ ਚੜ੍ਹਾ ਕੇ ਸਿਰਫ਼ ਫੋਟੋਆਂ ਖਿਚਾਉਣ ਲਈ ਤਿਆਰ ਕੀਤੇ ਗਏ ਸਨ।

ਅਗਲੇ ਦਿਨ ਸੇਠ ਵੱਲੋਂ ਮਨਾਏ ਗਏ 'ਲੇਬਰ ਡੇਅ' ਦੀਆਂ ਖ਼ਬਰਾਂ, ਅਖ਼ਬਾਰਾਂ ਦੇ ਪੰਨਿਆਂ 'ਤੇ ਫੋਟੋਆਂ ਸਮੇਤ ਛਪੀਆਂ। ਸੇਠ ਨੂੰ ਸਵੇਰ ਤੋਂ ਹੀ ਲੋਕਾਂ ਦੇ ਵਧਾਈਆਂ ਦੇ ਫੋਨ ਆਉਣੇ ਸ਼ੁਰੂ ਹੋ ਗਏ। "ਵਾਹ ! ਜਨਕ ਰਾਜ ਜੀ ,ਅੱਜ ਤਾਂ ਸਾਰੇ ਪਾਸੇ ਛਾਏ ਪਏ ਹੋ। ਮੁਬਾਰਕਾਂ ਜੀ , ਬਹੁਤ ਬਹੁਤ ਮੁਬਾਰਕਾਂ।"ਸੇਠ ਨੂੰ ਉਸ ਦੇ ਇੱਕ ਹੋਰ ਸੇਠ ਮਿੱਤਰ ਦਾ ਫ਼ੋਨ ਆਇਆ।ਸੇਠ ਦਫ਼ਤਰ ਵਿੱਚ ਆਪਣੀ ਉੱਚੀ ਢੋਅ ਵਾਲੀ ਕੁਰਸੀ ਤੇ ਗੋਗੜ ਉੱਪਰ ਨੂੰ ਕੱਢੀ ਐਦਾਂ ਬੈਠਾ ਸੀ ਜਿਵੇਂ ਅੱਧਾ ਲੇਟਿਆ ਹੋਵੇ। ਮੂਹਰੇ ਸ਼ੀਸ਼ੇ ਵਾਲ਼ੇ ਚਮਕਦੇ ਮੇਜ਼ ਉੱਤੇ ਅੱਜ ਦੀਆਂ "ਲੇਬਰ ਡੇਅ" ਦੀਆਂ ਫੋਟੋਆਂ ਵਾਲੇ ਅਖ਼ਬਾਰ ਪਏ ਸਨ। ਫੋਨ ਕੰਨ ਨੂੰ ਲਾਏ ਹੋਏ ਹੱਸਦਾ ਹੋਇਆ ਸੇਠ ਬੋਲਿਆ,"ਹਾ ..ਹਾ... ਹਾ ...ਹਾ ....ਹਾ.......ਭਾਈ ਸਾਹਿਬ ਜੀ.... ਇਹ ਲੇਬਰ ਡੇਅ... ਸਾਡੇ ਪੂਰਾ ਸਾਲ ਬਹੁਤ ਕੰਮ ਆਉਂਦਾ।ਹਾ ਹਾ ਹਾ.......ਸਾਰੀ ਲੇਬਰ ਆਪਣੀ ਫੋਟੋ ਅਖ਼ਬਾਰ ਵਿੱਚ ਦੇਖ ਕੇ ਖੁਸ਼ ਹੋਈ ਪਈ ਆ। ਸਾਰਾ ਸਾਲ ਇਹਨਾਂ ਤੋਂ ਕੰਮ ਲੈਣ ਲਈ ਇੱਕ ਸਮੋਸਾ ਤੇ ਇਹ ਫੋਟੋ ਬਹੁਤ ਕੰਮ ਆਉਂਦੀ ਆ।"

"ਹਾ ਹਾ ਹਾ ਹਾ...ਸਮਝ ਗਏ ਜਨਕ ਰਾਜ ਜੀ....ਤੁਹਾਡੀ ਕਾਮਯਾਬੀ ਦਾ ਰਾਜ਼....ਹਾ ਹਾ ਹਾ ਹਾ....!"



**ਬਰਜਿੰਦਰ ਕੌਰ ਬਿਸਰਾਓ...**
**9988901324**

# (ਹੱਥਾਂ ਨਾਲ ਸ਼ੇਰ ਦਾ ਮੂੰਹ ਪਾੜਨ ਵਾਲਾ ਹਰੀਆ ਰਾਂਗਲੇ)

ਸਿੱਖਾਂ ਦਾ ਇਤਿਹਾਸ ਕ੍ਰਿਸ਼ਮਈ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਹਰੀ ਸਿੰਘ ਨਲੂਆ ਦਾ ਜਨਮ 1791 ਵਿੱਚ ਗੁਰਦਿਆਲ ਸਿੰਘ ਉੱਪਲ ਖੱਤਰੀ ਮਾਤਾ ਧਰਮ ਕੌਰ ਦੀ ਕੁੱਖੋਂ ਗੁਜਰਾਂਵਾਲਾ ਵਿੱਚ ਹੋਇਆ।1805 ਵਿੱਚ ਬਸੰਤ ਪੰਚਮੀ ਤੇ ਲੱਗੇ ਦਰਬਾਰ ਵਿੱਚ ਬੱਚਿਆਂ ਦੇ ਕਰਤੱਬ ਦੇਖ ਰਹੇ ਸਨ, ਹਰੀ ਸਿੰਘ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਉਸਨੂੰ ਆਪਣਾ ਖਿਦਮਤਗਾਰ ਰੱਖ ਲਿਆ। ਇੱਕ ਵਾਰ ਜਦੋਂ ਮਹਾਰਾਜਾ ਜੰਗਲ ਵਿੱਚ ਸ਼ਿਕਾਰ ਕਰਨ ਗਏ, ਤਾਂ ਸ਼ੇਰ ਨੇ ਝਪਟਾ ਮਾਰ ਕੇ ਹਰੀ ਸਿੰਘ ਨੂੰ ਹੇਠਾਂ ਸੁੱਟ ਲਿਆ। ਹਰੀ ਸਿੰਘ ਨੇ ਤੁਰੰਤ ਸ਼ੇਰ ਨੂੰ ਜਬਾੜਿਆਂ ਤੋਂ ਫੜਿਆ, ਥੱਲੇ ਵਗਾਹ ਮਾਰਿਆ। ਇਸ ਤੋਂ ਪਹਿਲਾਂ ਕਿ ਸ਼ੇਰ ਸੰਭਲਦਾ, ਹਰੀ ਸਿੰਘ ਨੇ ਮਿਆਨ ਵਿੱਚੋਂ ਤਲਵਾਰ ਕੱਢੀ, ਪਹਿਲੇ ਝਟਕੇ ਵਿੱਚ ਹੀ ਸ਼ੇਰ ਦਾ ਗਲ ਧੜ ਨਾਲੋਂ ਵੱਖ ਕਰ ਦਿੱਤਾ। ਮਹਾਰਾਜਾ ਨੇ ਖੁਸ਼ ਹੋ ਕੇ ਕਿਹਾ ਅੱਜ ਤੋਂ ਤੂੰ ਸਾਡਾ ਨਲਵਾ ਸਰਦਾਰ ਹੀ ਹੈਂ। ਉਸਨੂੰ ਸ਼ੇਰ ਦਿਲ ਰੈਜਮੈਂਟ ਦਾ ਸਰਦਾਰ-ਏ-ਆਲਾ ਨਿਯੁਕਤ ਕੀਤਾ। ਆਪਣੀ ਯੋਗਤਾ ਅਤੇ ਅਦੁੱਤੀ ਕਾਰਨਾਂ ਕਰਕੇ ਖਾਲਸਾ ਰੈਜੀਮੈਂਟ ਦੇ ਉੱਚੇ ਆਹੁਦੇ ਤੇ ਕਮਾਂਡਰ-ਇਨ-ਚੀਫ ਬਿਰਾਜਮਾਨ ਹੋਏ। ਉਨ੍ਹਾਂ ਨੇ ਕਸੂਰ,ਮੁਲਤਾਨ, ਮਿੱਠੀ ਟਿਵਾਣੇ ਦੀ ਗੜ੍ਹੀ, ਮੁੰਘੇਰ,ਅਟਕ,ਜੰਮੂ-ਕਸ਼ਮੀਰ ਦੀਆਂ ਲੜਾਈਆਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ ਤੇ ਹਜਾਰੇ ਦੀ ਬਗਾਵਤ ਨੂੰ ਦਬਾਇਆ। ਅਟਕ ਦੀ ਜਿੱਤ ਤੋਂ ਬਾਅਦ ਅਫ਼ਗਾਨੀ ਇਸਤਰੀਆਂ ਆਪਣੇ ਬੱਚਿਆਂ ਨੂੰ"ਚੁੱਪ ਸ਼ਾ,ਹਰੀਆ ਰਾਂਗਲੇ" ਭਾਵ



ਹਰੀ ਸਿੰਘ ਨਲੂਆ ਆ ਗਿਆ, ਕਹਿਕੇ ਡਰਾਉਂਦੀਆਂ ਸਨ।ਆਪ ਕਸ਼ਮੀਰ, ਪਿਸ਼ਾਵਰ, ਅਤੇ ਹਜ਼ਾਰੇ ਦੇ ਗਵਰਨਰ ਰਹੇ, ਅਪਣੇ ਨਾਮ ਦੇ ਸਿੱਕੇ ਵੀ ਜਾਰੀ ਕੀਤੇ, ਜੋ ਕਈ ਸਾਲ ਚਲਦੇ ਰਹੇ। ਕਸ਼ਮੀਰ ਵਿੱਚ ਸਰਕਾਰੀ ਸਹਾਇਤਾ ਨਾਲ ਦਸਤਕਾਰੀ ਦਾ ਕੰਮ ਅਤੇ ਕੇਸਰ ਦੀ ਫਸਲ ਲਈ ਮਦਦ ਦਾ ਕੰਮ ਸ਼ੁਰੂ ਕਰਵਾਕੇ ਦੋਬਾਰਾ ਵਪਾਰ ਦਾ ਕੰਮ ਸ਼ੁਰੂ ਕਰਵਾਇਆ। ਪੰਜਾਬ ਵਿੱਚ ਖੂਹ ਨਹਿਰਾਂ ਕਢਵਾਈਆਂ ਅਤੇ ਹਿੰਦੂਆਂ ਤੋਂ ਜਜੀਆ ਹਟਾਇਆ। ਜਮਰੌਦ ਅਤੇ ਹੋਰ ਕਿਲ੍ਹੇ ਬਣਵਾਏ। 27 ਅਪ੍ਰੈਲ 1937 ਨੂੰ 30 ਹਜ਼ਾਰ ਅਫਗਾਨੀ ਫੌਜ ਨੇ ਜਮਰੌਦ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਨਲੂਏ ਦੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ (ਇੱਕ ਹਜ਼ਾਰ ਸਿੱਖ ਫ਼ੌਜ ਦੀ ਅਗਵਾਈ ਮਹਾਂ ਸਿੰਘ ਕਰ ਰਿਹਾ ਸੀ) ਉਸਦੇ ਸੁਨੇਹੇ ਤੇ ਹਰੀ ਸਿੰਘ ਨੂੰ ਆਪ ਜਾਣਾ ਪਿਆ। ਜਿਸ ਕੋਲ 6 ਹਜ਼ਾਰ ਦੀ ਫੌਜ ਸੀ। ਜੰਗ ਦੀ ਤਿਆਰੀ ਬਾਰੇ ਮਹਾਰਾਜੇ ਨੂੰ 27 ਅਪ੍ਰੈਲ ਨੂੰ ਖਬਰ ਭੇਜੀ ਗਈ ਪ੍ਰੰਤੂ ਧਿਆਨ ਸਿੰਘ ਨੇ ਅੱਗੇ ਖਬਰ ਨਾ ਕੀਤੀ। ਤੀਹ ਅਪ੍ਰੈਲ ਤੱਕ ਲਾਹੌਰ ਤੋਂ ਕੋਈ ਜਵਾਬ ਨਾ ਆਇਆ। 30 ਅਪ੍ਰੈਲ ਨੂੰ ਹਰੀ ਸਿੰਘ ਨਲਵੇ ਦੇ ਦੋ ਗੋਲੀਆਂ ਛਾਤੀ ਅਤੇ ਵੱਖੀ ਵਿੱਚ ਲੱਗੀਆਂ। ਮਰਨ ਤੋਂ ਪਹਿਲਾਂ ਮਹਾ ਸਿੰਘ ਨੂੰ ਕਿਹਾ ਕਿ ਲਾਹੌਰ ਤੋਂ, ਫੌਜ ਆਉਣ ਤੋਂ ਪਹਿਲਾਂ ਕਿਸੇ ਨੂੰ ਵੀ ਮੇਰੀ ਮੌਤ ਬਾਰੇ ਨਾ ਦੱਸਿਆ ਜਾਵੇ, ਗੁਪਤ ਰੱਖਿਆ ਜਾਵੇ। ਅੱਜ ਵੀ ਇਸ ਪਰਿਵਾਰ ਵਾਲੇ ਆਪਣੇ ਨਾਂਮ ਨਾਲ ਉਪਲ ਨਹੀਂ ਲਗਾਉਂਦੇ ਸਗੋਂ "ਨਲਵਾ"ਹੀ ਲਿਖਦੇ ਹਨ।

ਆਸਟਰੇਲੀਆ ਦੇ ਮਸ਼ਹੂਰ ਮੈਗਜ਼ੀਨ "ਬਿਲਨੀਅਰ" ਦੇ 14 ਜੁਲਾਈ 2014 ਦੇ ਅੰਕ ਵਿੱਚ ਵਿਸ਼ਵ ਵਿੱਚ ਹੁਣ ਤੱਕ ਦੇ ਹੋਏ ਸਭ ਤੋਂ ਮਹਾਨ ਜਰਨੈਲਾਂ ਵਿੱਚੋਂ ਹਰੀ ਸਿੰਘ ਨਲੂਏ ਨੂੰ ਪਹਿਲਾ ਸਥਾਨ ਦਿੱਤਾ ਗਿਆ ਹੈ, ਦੂਸਰੇ ਨੰਬਰ ਤੇ ਚੰਗੇਜ਼ ਖਾਨ (ਮੰਗੋਲੀਆ) ਤੀਸਰੇ ਤੇ ਸਿਕੰਦਰ ਮਹਾਨ (ਯੂਨਾਨ) ਚੌਥੇ ਤੇ ਆਟੀਲਾ ਹੂਣ(ਕਜਾਖਿਸਤਾਨ) ਪੰਜਵੇਂ ਤੇ ਜੂਲੀਅਸ ਸੀਜ਼ਰ (ਰੋਮਨ ਸੈਨਾਪਤੀ) ਛੇਵਾਂ ਸਾਈਰਸ ਮਹਾਨ (ਇਰਾਨ) ਸੱਤਵੇਂ ਤੇ ਫਰਾਂਸਿਸਕੋ ਪਿਜ਼ੈਰੋ (ਸਪੇਨ) ਅੱਠਵੇਂ ਤੇ ਨੈਪੋਲੀਅਨ ਬੋਨਾਪਾਰਟ (ਫਰਾਂਸ) ਨੌਵੇਂ ਤੇ ਹਾਨੀਬਲ ਬਰਕਾ (ਟਿਊਨੀਸ਼ੀਆ) ਦਸਵੇਂ ਤੇ ਤੈਮੂਰ ਲੰਗ (ਉਜ਼ਬੇਕਿਸਤਾਨ)।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40 ਏ ਚੰਡੀਗੜ੍ਹ ਫੋਨ ਨੰਬਰ :**
**9878469639**


AMBEDKAR INTERNATIONAL MISSION, LONDON
Pays Homage to
THE GREAT DR BABASAHEB AMBEDKAR
On the occasion of his 135th Birth Anniversary
Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY
Sir Stephen Timms MP, Minister of State (Department for Work and Pensions) will be in attendance from 3 pm
The Indian Hign Commission, the Mayor of Newham, and local dignitaries are invited
HONORARY GUEST
Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.
SPECIAL TRIBUTE
Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.
All are cordially invited along with family, friends and relatives
Cultural Entertainment
Bhai Tejinder Singh Lallianwale and Giani Onkar Singh
Speeches and Poetry
Lunch (Langar) will be strictly served between 12 noon - 1:30 pm only
Mr. Prem Chand Mann's family will provide Langar in honour, respect and in memory of Mr. Prem Chand Mann.
Transport and Parking
Nearest Underground: Upton Park, District, Hammersmith and City lines.
The venue is 10 minutes' walk from Upton Park Underground Station
Free parking at Elmhurst Primary School
Contact:
Tel. 07751-668926

# ਮਾਂ-ਬੋਲੀ ਦੇ ਮੋਤੀ-ਮੇਰੀ ਰੂਹ ਦੇ ਚਾਨਣ-ਮੁਨਾਰੇ

**ਕੋਈ ਪੁੱਛੇ ਕਿ ਰਮੇਸ਼ਵਰ ਸਿੰਘ ਦੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਰਮਾਇਆ ਕੀ ਹੈ, ਤਾਂ ਮੇਰੇ ਬੁੱਲ੍ਹਾਂ 'ਤੇ ਤਿੰਨ ਨਾਂ ਆਪ-ਮੁਹਾਰੇ ਆ ਜਾਣਗੇ – ਸ਼੍ਰੀ ਮੂਲ ਚੰਦ ਸ਼ਰਮਾ ਜੀ, ਸ਼੍ਰੀ ਮਿੱਤਰ ਸੈਨ ਮੀਤ ਜੀ ਉਰਫ਼ 'ਕਾਨੂੰਨੀ ਬਾਈ ਜੀ', ਤੇ ਸ. ਕਰਮ ਸਿੰਘ ਜ਼ਖ਼ਮੀ ਜੀ। ਇਹ ਮਿੱਤਰ ਨਹੀਂ, ਮੇਰੀ ਹੋਂਦ ਦੇ ਤਿੰਨ ਥੰਮ੍ਹ ਹਨ। ਇਹ ਸ਼ਖ਼ਸ ਨਹੀਂ, ਪੰਜਾਬੀ ਮਾਂ-ਬੋਲੀ ਦੀ ਸੇਵਾ 'ਚ ਤਪ ਰਹੀਆਂ ਤਿੰਨ ਜੋਤਾਂ ਹਨ। ਇਨ੍ਹਾਂ ਦੀ ਕਲਮ 'ਚੋਂ ਕਿਰਨਾਂ ਫੁੱਟਦੀਆਂ ਨੇ ਜੋ ਮੇਰੇ ਵਰਗੇ ਹਜ਼ਾਰਾਂ ਰਾਹ-ਭੁੱਲਿਆਂ ਨੂੰ ਰਾਹ ਦਿਖਾਉਂਦੀਆਂ ਹਨ। ਇਹ ਲੇਖ ਉਨ੍ਹਾਂ ਤਿੰਨਾਂ ਚਾਨਣ-ਮੁਨਾਰਿਆਂ ਦੇ ਚਰਨਾਂ 'ਚ ਮੇਰੀ ਸ਼ਰਧਾ ਦੇ ਫੁੱਲ ਹਨ, ਜਿਨ੍ਹਾਂ ਨੇ ਮੇਰੀ ਕਲਮ ਨੂੰ ਉਂਗਲ ਫੜ ਕੇ ਤੁਰਨਾ ਸਿਖਾਇਆ ਤੇ ਮਾਂ-ਬੋਲੀ ਦੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਆ।**

## ਮਿੱਤਰ ਸੈਨ ਮੀਤ 'ਕਾਨੂੰਨੀ ਬਾਈ ਜੀ' – ਅਦਾਲਤ ਦਾ ਸੂਰਜ, ਬੋਲੀ ਦਾ ਪਹਿਰੇਦਾਰ




'ਕਾਨੂੰਨੀ ਬਾਈ ਜੀ' – ਇਹ ਨਾਂ ਸੁਣ ਕੇ ਲੋਕਾਂ ਦੇ ਮਨਾਂ ਵਿੱਚ ਕਾਲੇ ਕੋਟ ਦੀ ਰੁੱਖੀ ਤਸਵੀਰ ਉੱਭਰਦੀ ਹੋਵੇਗੀ? ਪਰ ਮੀਤ ਜੀ ਦੇ ਅੰਦਰ ਕਾਨੂੰਨ ਦੀ ਕਿਤਾਬ ਦੇ ਨਾਲ-ਨਾਲ ਬੁੱਲ੍ਹੇ ਸ਼ਾਹ ਦੀ ਕਾਫ਼ੀ ਵੀ ਧੜਕਦੀ ਹੈ। ਉਹ ਵਕਾਲਤ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਪਰ ਪੰਜਾਬੀ ਦੀ ਵਕਾਲਤ ਲਈ ਉਨ੍ਹਾਂ ਨੇ ਹੁਣ ਚੋਗਾ ਪਹਿਨਿਆ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਉਪਕਾਰ ਹੈ – 'ਗੂੰਗੇ ਕਾਨੂੰਨ ਨੂੰ ਪੰਜਾਬੀ ਜ਼ੁਬਾਨ ਦੇਣੀ'। ਜਦੋਂ ਭਾਸ਼ਾ ਵਿਭਾਗ ਨੇ ਅੱਖਾਂ ਮੀਟ ਕੇ ਅਯੋਗਾਂ ਨੂੰ ਪੁਰਸਕਾਰ ਵੰਡ ਦਿੱਤੇ, ਤਾਂ ਬਾਈ ਜੀ ਨੇ ਕਲਮ ਨੂੰ ਤਲਵਾਰ ਬਣਾ ਕੇ ਅਦਾਲਤ ਦੇ ਬੂਹੇ 'ਤੇ ਦਸਤਕ ਦਿੱਤੀ ਤੇ ਕਾਨੂੰਨੀ ਰੋਕ ਲਵਾ ਕੇ ਮਾਂ-ਬੋਲੀ ਦਾ ਸਿਰ ਉੱਚਾ ਕੀਤਾ। ਉਹਨਾਂ ਨੇ ਚਾਰ ਨਾਵਲ ਲਿਖੇ ਹਨ ਉਹ ਵੀ ਕਾਨੂੰਨਾਂ ਦਾ ਭੰਡਾਰ ਹਨ। ਇਨ੍ਹਾਂ ਨਾਵਲਾਂ ਦੀ ਤਰੀਫ਼ ਇੰਨੀ ਕੁ ਬਹੁਤ ਹੋਵੇਗੀ ਜੋ ਵੀ ਇਹ ਨਾਵਲ ਪੜ੍ਹ ਗਿਆ ਜੇ ਵਕੀਲ ਨਹੀਂ ਤਾਂ ਵਕੀਲ ਦਾ ਮੁਨਸ਼ੀ ਜ਼ਰੂਰ ਬਣ ਜਾਂਦਾ ਹੈ, ਵਿਸ਼ੇ ਦੇ ਤੌਰ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਵਿੱਚ ਉਹ ਨਾਵਲ ਪੜ੍ਹਾਏ ਜਾ ਰਹੇ ਹਨ। ਉਨ੍ਹਾਂ ਦੇ ਇੱਕ ਨਾਵਲ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੋਇਆ ਹੈ, ਇਹ ਪੁਰਸਕਾਰ ਭਾਰਤ ਸਰਕਾਰ ਦਾ ਉੱਚ ਕੋਟੀ ਦਾ ਹੈ, ਇਹ ਪੁਰਸਕਾਰ ਸੱਚੀ ਤੇ ਸੁੱਚੀ ਕਲਮ ਪ੍ਰਾਪਤ ਕਰ ਸਕਦੀ ਹੈ। ਪੰਜਾਬੀ ਦੇ ਸੱਚੇ ਸਪੂਤਾਂ ਲਈ ਉਨ੍ਹਾਂ ਨੇ 'ਪੰਜਾਬੀ ਭਾਸ਼ਾ ਪਸਾਰ ਭਾਈਚਾਰਾ' ਦਾ ਬੂਟਾ ਲਾਇਆ ਹੈ। ਉਹ ਸਕੂਲਾਂ 'ਚ ਜਾ ਕੇ ਨੰਨ੍ਹੀਆਂ ਕਲੀਆਂ ਤੋਂ ਪੰਜਾਬੀ ਬੁਲਵਾਉਂਦੇ ਹਨ, ਉਨ੍ਹਾਂ ਨੂੰ ਗਾਉਣ-ਬੋਲਣ ਦਾ ਮੰਚ ਦਿੰਦੇ ਹਨ ਤੇ ਬਣਦਾ ਮਾਣ-ਸਨਮਾਨ ਵੀ। ਮੇਰੇ ਲਈ ਉਨ੍ਹਾਂ ਦਾ ਦਰ ਦਿਨ-ਰਾਤ ਖੁੱਲ੍ਹਾ ਹੈ। ਬਿਨ੍ਹਾਂ ਫ਼ੀਸ, ਬਿਨ੍ਹਾਂ ਸ਼ਰਤ। ਉਨ੍ਹਾਂ ਦਾ ਇੱਕੋ ਫ਼ਲਸਫ਼ਾ ਹੈ, "ਯਾਰੀ 'ਚ ਵਟਾਂਦਰਾ ਨਹੀਂ ਹੁੰਦਾ ਰਮੇਸ਼ਵਰ ਸਿੰਘਾ, ਬਸ ਯਕੀਨ ਹੁੰਦਾ ਹੈ"।

## ਮੂਲ ਚੰਦ ਸ਼ਰਮਾ ਜੀ – ਸੁਰਾਂ ਦੇ ਸੌਦਾਗਰ, ਅੱਖਰਾਂ ਦੇ ਅਧਿਆਪਕ



ਸ਼ਰਮਾ ਜੀ ਦੀ ਸ਼ਖ਼ਸੀਅਤ ਸਿਆਲ ਦੀ ਧੁੱਪ ਵਰਗੀ ਹੈ – ਨਿੱਘੀ, ਨਿਰਮਲ ਤੇ ਨਿਰਛਲ। ਉਹ ਪੇਸ਼ੇ ਵਜੋਂ ਅਧਿਆਪਕ ਰਹੇ, ਪਰ ਰੂਹੋਂ ਉਹ ਸਦੀਆਂ ਦੇ ਵਾਰਿਸ ਹਨ। ਹਜ਼ਾਰਾਂ ਬੱਚਿਆਂ ਦੀ ਤਖ਼ਤੀ 'ਤੇ ਉਨ੍ਹਾਂ ਨੇ 'ੳ ਅ' ਲਿਖਣਾ ਸਿਖਾਇਆ ਤੇ ਉਨ੍ਹਾਂ ਦੇ ਮਨਾਂ 'ਚ ਪੰਜਾਬੀ ਦਾ ਬੀਜ ਬੀਜਿਆ। ਉਹ ਇਕੱਲੇ ਵਾਰਤਕ ਲੇਖਕ ਤੇ ਕਹਾਣੀਕਾਰ ਨਹੀਂ, ਲੋਕ-ਮਨਾਂ ਦੇ ਗੀਤਕਾਰ ਹਨ – ਜੇਤੂ ਗੀਤਕਾਰ। ਉਨ੍ਹਾਂ ਦੀ ਕਲਮ 'ਚੋਂ ਨਿਕਲੇ ਸੈਂਕੜੇ ਗੀਤ ਅੱਜ ਗ੍ਰਾਮੋਫ਼ੋਨ ਤੋਂ ਲੈ ਕੇ ਮੋਬਾਈਲ ਤੱਕ ਗੂੰਜਦੇ ਹਨ। ਹਰ ਗੀਤ 'ਚ ਪੰਜਾਬ ਦੀ ਮਿੱਟੀ ਦੀ ਮਹਿਕ, ਹਲ ਦੀ ਮੁੱਠ ਤੇ ਚਰਖ਼ੇ ਦੀ ਘੂਕਰ ਵਸੀ ਹੋਈ ਹੈ। ਨਾਲ ਹੀ ਉਨ੍ਹਾਂ ਦੇ ਲੇਖ ਦਲੀਲ ਤੇ ਦਰਦ ਦਾ ਸੁਮੇਲ ਹੁੰਦੇ ਹਨ। ਅੱਜ ਉਹ ਸਾਹਿਤ ਸਭਾ ਦੇ ਪ੍ਰਧਾਨ ਵਜੋਂ ਨਵੀਂ ਪੀੜ੍ਹੀ ਨੂੰ ਸਾਹਿਤ ਦੇ ਵੇਹੜੇ 'ਚ ਲਿਆ ਰਹੇ ਹਨ। ਮੈਂ ਆਕਾਸ਼ਵਾਣੀ ਤੇ ਦੂਰਦਰਸ਼ਨ ਜਲੰਧਰ ਨੂੰ ਚਿੱਠੀਆਂ ਲਿਖਿਆ ਕਰਦਾ ਸੀ ਇਨ੍ਹਾਂ ਨੇ ਕਿਹਾ ਤੇਰੀ ਚਿੱਠੀ ਇਕ ਲੇਖ ਹੁੰਦੀ ਹੈ ਤੂੰ ਲੇਖ ਲਿਖਿਆ ਕਰ ਉਹ ਰਸਤਾ ਫੜ ਲਿਆ ਸਭ ਦੇ ਸਾਹਮਣੇ ਹੈ। ਉਨ੍ਹਾਂ ਲਈ ਪੰਜਾਬੀ ਕਮਾਈ ਦਾ ਸਾਧਨ ਨਹੀਂ, ਮਾਂ ਦੇ ਸਿਰ ਦੀ ਚੁੰਨੀ ਹੈ ਜਿਸਨੂੰ ਮੈਲੀ ਨਹੀਂ ਹੋਣ ਦੇਣਾ। ਜਦੋਂ ਮੇਰੀ ਕਲਮ ਦਾ ਦੀਵਾ ਬੁਝਣ ਲੱਗਦਾ, ਸ਼ਰਮਾ ਜੀ ਦੀ ਆਵਾਜ਼ ਆਉਂਦੀ, "ਰਮੇਸ਼ਵਰ ਸਿਆਂ, ਇਹ ਦੀਵਾ ਤੇਰਾ ਨਹੀਂ, ਕੌਮ ਦਾ ਹੈ। ਜਗਾਈ ਰੱਖੀਂ", ਤੇ ਮੈਂ ਫਿਰ ਲੌ ਬਣ ਜਾਂਦਾ।

## ਕਰਮ ਸਿੰਘ ਜ਼ਖ਼ਮੀ ਜੀ – ਜ਼ਖ਼ਮਾਂ ਦਾ ਵਪਾਰੀ, ਹੌਂਸਲੇ ਦਾ ਸੌਦਾਗਰ



'ਜ਼ਖ਼ਮੀ' ਤਖ਼ੱਲਸ ਉਨ੍ਹਾਂ ਦੀ ਜੀਵਨ-ਕਥਾ ਹੈ। ਤਕਦੀਰ ਨੇ ਉਨ੍ਹਾਂ ਦੇ ਪਿੰਡੇ 'ਤੇ ਜ਼ਖ਼ਮ ਤਾਂ ਬਹੁਤ ਦਿੱਤੇ, ਪਰ ਕਰਮ ਸਿੰਘ ਜੀ ਨੇ ਹਰ ਜ਼ਖ਼ਮ ਨੂੰ ਰੋਸ਼ਨਾਈ ਦੀ ਦਵਾਤ ਬਣਾ ਲਿਆ। ਉਹ ਸ਼ਾਇਰ ਨਹੀਂ, ਦਰਵੇਸ਼ ਹਨ। ਉਨ੍ਹਾਂ ਦੀ ਗ਼ਜ਼ਲ ਤੇ ਗੀਤ ਪੜ੍ਹ ਕੇ ਲੱਗਦਾ ਜਿਵੇਂ ਕੋਈ ਸਦੀਆਂ ਦਾ ਵਿਛੜਾ ਰੋ ਰਿਹਾ ਹੋਵੇ, ਹਰ ਲੇਖ ਇਕ ਸੇਧ ਤੇ ਸਿੱਖਿਆ ਦੇ ਜਾਂਦਾ ਹੈ। ਉਨਾਂ ਦੀਆਂ ਪਾਠਕਾਂ ਲਈ ਛਪੀਆਂ ਕਿਤਾਬਾਂ ਦੀ ਗਿਣਤੀ ਕਰਨੀ ਬਹੁਤ ਮੁਸ਼ਕਿਲ ਹੈ ਬਸ ਇਸ ਸੇਵਾ ਵਿੱਚ ਲੱਗੇ ਰਹਿੰਦੇ ਹਨ। ਅੱਜ ਉਹ ਸਾਹਿਤ ਸਭਾ ਦੇ ਪ੍ਰਧਾਨ ਦੇ ਰੂਪ 'ਚ ਨਵੇਂ ਕਲਮਕਾਰਾਂ ਦੀ ਪਾਲਣਾ ਕਰ ਰਹੇ ਹਨ । ਨਵੇਂ ਲੇਖਕਾਂ ਦੀ ਪਿੱਠ ਥਾਪੜਨਾ, ਉਨ੍ਹਾਂ ਦੀ ਪਹਿਲੀ ਕਿਤਾਬ 'ਤੇ ਬਣਦਾ ਸਨਮਾਨ ਦੇਣਾ – ਇਹ ਉਨ੍ਹਾਂ ਦਾ ਸੁਭਾਅ ਹੈ। ਉਨ੍ਹਾਂ ਲਈ ਪੰਜਾਬੀ ਰੋਜ਼ੀ ਨਹੀਂ, ਰੂਹ ਦੀ ਰੋਟੀ ਹੈ। ਉਹ ਚੀਕ-ਚੀਕ ਕਹਿੰਦੇ ਹਨ, "ਮਾਂ ਮਰ ਜਾਏ ਤਾਂ ਬੰਦਾ ਯਤੀਮ ਹੁੰਦਾ, ਬੋਲੀ ਮਰ ਜਾਏ ਤਾਂ ਕੌਮ ਯਤੀਮ ਹੋ ਜਾਂਦੀ ਹੈ"। ਇਸੇ ਲਈ ਉਹ ਪਿੰਡ-ਪਿੰਡ ਸ਼ਹਿਰ ਸ਼ਹਿਰ 'ਕਵੀ ਦਰਬਾਰ' ਦੀ ਅਲਖ ਜਗਾਈ ਫਿਰਦੇ ਹਨ ਤਾਂ ਕਿ ਨੌਜਵਾਨ ਨਸ਼ੇ ਦੀ ਸਰਿੰਜ ਦੀ ਥਾਂ ਕਲਮ ਫੜ ਲੈਣ। ਉਨ੍ਹਾਂ ਦਾ ਇੱਕ ਮਿਸਰਾ – "ਡਿੱਗ ਕੇ ਉੱਠਣਾ ਹੀ ਤਾਂ ਜ਼ਿੰਦਗੀ ਐ, ਡਿੱਗੇ ਰਹਿਣਾ ਮੌਤ ਹੁੰਦੀ" – ਮੇਰੀਆਂ ਨਿਰਾਸ਼ਾ ਦੀਆਂ ਰਾਤਾਂ ਦਾ ਸੂਰਜ ਹੈ।

ਤ੍ਰਿਵੈਣੀ ਸੰਗਮ – ਇੱਕ ਮਕਸਦ, ਤਿੰਨ ਰਾਹ ਇਹ ਤਿੰਨੇ ਮਿੱਤਰ ਵੱਖ-ਵੱਖ ਦਰਿਆ ਹਨ, ਪਰ ਸਾਗਰ ਇੱਕੋ ਹੈ – ਪੰਜਾਬੀ ਮਾਂ-ਬੋਲੀ। ਸ਼ਰਮਾ ਜੀ ਆਪਣੇ ਸੁਰਾਂ 'ਚ, ਮੀਤ ਜੀ ਆਪਣੀਆਂ ਦਲੀਲਾਂ 'ਚ, ਤੇ ਜ਼ਖ਼ਮੀ ਜੀ ਆਪਣੇ ਕਲਮ 'ਚ ਇੱਕੋ ਅਰਦਾਸ ਕਰਦੇ ਹਨ – 'ਮੇਰੀ ਬੋਲੀ ਚੜ੍ਹਦੀ ਕਲਾ 'ਚ ਰਹੇ'। ਇਹ ਤਿੰਨੇ ਜਿੱਥੇ ਸਾਰੀ ਦੁਨੀਆਂ ਫੇਸਬੁੱਕ 'ਤੇ 'ਲਾਈਕ' ਭਾਲਦੀ ਫਿਰਦੀ, ਉੱਥੇ ਇਹ ਤਿੰਨੇ ਸ਼ੁੱਧ ਪੰਜਾਬੀ 'ਚ 'ਜੀਵਨ' ਲਿਖ ਰਹੇ ਹਨ।

## ਮੇਰੇ ਲਈ ਇਹ ਕੀ ਹਨ?



ਲੋਕੀਂ ਮੈਨੂੰ ਪੁੱਛਦੇ ਨੇ, "ਰਮੇਸ਼ਵਰ ਸਿਆਂ, ਤੇਰੀਆਂ ਅੱਖਾਂ 'ਚ ਇਹ ਚਮਕ ਕਿੱਥੋਂ ਆਈ?" ਮੈਂ ਕਹਿੰਦਾ, "ਜਦੋਂ ਸਿਰ 'ਤੇ ਮੂਲ ਚੰਦ ਸ਼ਰਮਾ ਜੀ ਵਰਗੇ ਸ਼ਬਦਾਂ ਦੇ ਵਣਜਾਰੇ ਦਾ ਹੱਥ ਹੋਵੇ, ਸੱਜੇ ਪਾਸੇ ਮਿੱਤਰ ਸੈਨ ਮੀਤ ਜੀ ਵਰਗਾ ਨਿਆਂ ਦਾ ਪਹਿਰੇਦਾਰ ਖੜ੍ਹਾ ਹੋਵੇ, ਤੇ ਖੱਬੇ ਪਾਸੇ ਕਰਮ ਸਿੰਘ ਜ਼ਖ਼ਮੀ ਜੀ ਵਰਗਾ ਦਰਦਾਂ ਦਾ ਦਰਵੇਸ਼ ਹੌਸਲਾ ਦੇ ਰਿਹਾ ਹੋਵੇ, ਤਾਂ ਹਨੇਰਾ ਕਿਸ ਖੇਤ ਦੀ ਮੂਲੀ ਹੈ?" ਮੇਰੀ ਕਾਮਯਾਬੀ 'ਤੇ ਸਭ ਤੋਂ ਪਹਿਲਾਂ ਤਾੜੀ ਇਨ੍ਹਾਂ ਦੀ ਵੱਜਦੀ ਹੈ, ਤੇ ਮੇਰੀ ਅਸਫ਼ਲਤਾ 'ਤੇ ਮੋਢਾ ਵੀ ਇਨ੍ਹਾਂ ਦਾ ਹੀ ਮਿਲਦਾ ਹੈ।

ਇਸ ਸਵਾਰਥੀ ਯੁੱਗ 'ਚ ਜਿੱਥੇ ਹਰ ਸ਼ਖ਼ਸ 'ਮੈਂ' ਦੀ ਡੱਫਲੀ ਵਜਾਉਂਦਾ, ਮੇਰੇ ਇਹ ਤਿੰਨੇ ਮਿੱਤਰ ਰਲ ਕੇ ਜਾਣੀ ਕੇ 'ਅਸੀਂ' ਰਲ ਕੇ ਨਗਾਰਾ ਖੜਕਾਉਂਦੇ ਹਾਂ। 'ਅਸੀਂ' ਮਤਲਬ ਪੰਜਾਬ, 'ਅਸੀਂ' ਮਤਲਬ ਪੰਜਾਬੀਅਤ। ਮੂਲ ਚੰਦ ਸ਼ਰਮਾ ਜੀ ਦੇ ਗੀਤਾਂ ਦੀ ਤਾਸੀਰ, ਮਿੱਤਰ ਸੈਨ ਮੀਤ ਜੀ ਦੀ ਜ਼ੁਬਾਨ ਦੀ ਦਲੇਰੀ, ਤੇ ਕਰਮ ਸਿੰਘ ਜ਼ਖ਼ਮੀ ਜੀ ਦੀ ਕਲਮ ਦੀ ਫ਼ਕੀਰੀ – ਇਹ ਉਹ ਤ੍ਰਿਵੈਣੀ ਹੈ ਜਿਸ 'ਚ ਡੁਬਕੀ ਲਾ ਕੇ ਹਰ ਪੰਜਾਬੀ ਆਪਣੀ ਪਛਾਣ ਧੋ ਸਕਦਾ। ਮੈਂ ਰਮੇਸ਼ਵਰ ਸਿੰਘ, ਦੋਵੇਂ ਹੱਥ ਜੋੜ ਕੇ ਦੁਆ ਕਰਦਾ ਹਾਂ ਕਿ ਮੇਰੇ ਇਨ੍ਹਾਂ ਚਾਨਣ-ਮੁਨਾਰਿਆਂ ਦੀ ਲੋਅ ਕਦੇ ਮੱਧਮ ਨਾ ਪਵੇ। ਜਦੋਂ ਤੱਕ ਇਨ੍ਹਾਂ ਵਰਗੇ ਸੂਰਮੇ ਜਾਗਦੇ ਹਨ, ਪੰਜਾਬੀ ਮਾਂ-ਬੋਲੀ ਦੇ ਮੱਥੇ ਦੀ ਬਿੰਦੀ ਕੋਈ ਮਿਟਾ ਨਹੀਂ ਸਕਦਾ। ਇਹ ਮੇਰਾ ਯਕੀਨ ਹੈ, ਇਹ ਮੇਰੀ ਇਬਾਦਤ ਹੈ।

**ਰਮੇਸ਼ਵਰ ਸਿੰਘ ਪਟਿਆਲਾ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com